# ਗੀਤ ਗੋਵਿੰਦ



## ਪ੍ਰੋ. ਪੂਰਨ ਸਿੰਘ

ਪੰਜਾਬੀ ਅਨੁਵਾਦ

## ਕਿਰਪਾਲ ਸਿੰਘ ਕਸੇਲ

# ਗੀਤ ਗੋਵਿੰਦ

(ਪੰਜਾਬੀ ਕਾਵਿ-ਰੂਪਾਂਤਰਨ)

## ਪ੍ਰੋ. ਪੂਰਨ ਸਿੰਘ

**ਪੰਜਾਬੀ ਅਨੁਵਾਦ**
**ਕਿਰਪਾਲ ਸਿੰਘ ਕਸੇਲ**

**ਪੂਰਨ ਸਿੰਘ ਯਾਦਗਾਰੀ ਸਾਹਿਤ ਸੰਸਥਾਨ**
**ਪਟਿਆਲਾ**

Sri Satguru Jagjit Singh Ji eLibrary NamdhariElibrary@gmail.com

**Geet Govind**
(Prof. Puran Singh Di Angrezi Kavita Da
Chonvan Punjabi Kav Rupantaran)

**Translation : Prof. Kirpal Singh Kasel**
**Assistant : Satinder Singh Nanda**

ਗੀਤ ਗੋਵਿੰਦ - ਪ੍ਰੋ. ਪੂਰਨ ਸਿੰਘ
ਕਰਤਾ : ਕਿਰਪਾਲ ਸਿੰਘ ਕਸੇਲ
ਸਹਾਇਕ : ਸਤਿੰਦਰ ਸਿੰਘ ਨੰਦਾ

ਪਹਿਲੀ ਵਾਰ : 1993
ਦੂਜੀ ਵਾਰ : 2017

ਕੀਮਤ : 125/-

ਪ੍ਰਕਾਸ਼ਕ : ਪੂਰਨ ਸਿੰਘ ਯਾਦਗਾਰੀ ਸਾਹਿਤ ਸੰਸਥਾਨ
ਪਟਿਆਲਾ
4262/2, ਮੁਹੱਲ੍ਹਾ ਸੂਈ ਗਰਾਂ
ਨੇੜੇ ਰਾਮ ਆਸ਼ਰਮ, ਪਟਿਆਲਾ
ਫੋਨ : 0175-2321532

ਮਿਲਣ ਦਾ ਪਤਾ : ਲਾਹੌਰ ਬੁੱਕ ਸ਼ਾਪ
2, ਲਾਜਪਤ ਰਾਏ ਮਾਰਕੀਟ,
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ,
ਫੋਨ : 0161-6540738, 2740738
E-mail : info@lahorepublishers.com
www.lahorepublishers.com

**Printed in India**

ਛਾਪਕ : ਆਰ.ਕੇ. ਆਫ਼ਸੈੱਟ, ਦਿੱਲੀ।

Sri Satguru Jagjit Singh Ji eLibrary NamdhariElibrary@gmail.com

## ਸਮਰਪਣ

ਭਾਰਤ ਦੇ ਸਿਰਮੌਰ ਕਵੀ
ਜੈ ਦੇਵ ਨੂੰ

Sri Satguru Jagjit Singh Ji eLibrary NamdhariElibrary@gmail.com

# ਆਦਿ ਕਥਨ

ਵਿਸ਼ਵ ਸਾਹਿਤ ਵਿੱਚ ਜੈ ਦੇਵ ਦੀ ਅਮਰ ਕਾਵਿ-ਰਚਨਾ 'ਗੀਤ ਗੋਵਿੰਦ' ਸੱਚੇ ਪ੍ਰੀਤ ਅਨੁਭਵ ਦੀ ਸ੍ਰੇਸ਼ਟਮ ਕਵਿਤਾ ਮੰਨੀ ਗਈ ਹੈ। ਇਹ ਇਕ ਬੰਨੇ ਸੱਚੇ ਪ੍ਰੇਮ ਅਨੁਭਵ ਨੂੰ ਪ੍ਰਤੀਬਿੰਬਤ ਕਰਦੀ ਹੈ ਅਤੇ ਦੂਜੇ ਬੰਨੇ ਸਰਵੁਚ ਅਧਿਆਤਮਕ ਲਕਸ਼ ਦੀ ਪੂਰਤੀ ਲਈ ਅਦੁਤੀ ਨਾਟ-ਲੀਲ੍ਹਾ ਦੇ ਦ੍ਰਿਸ਼ ਨੂੰ ਵੀ ਸਾਕਾਰ ਕਰਦੀ ਹੈ।

ਪ੍ਰੋ. ਪੂਰਨ ਸਿੰਘ ਨੇ ਇਸ ਕਾਵਿ-ਨਾਟਕ ਦਾ ਸੁਤੰਤਰ ਕਾਵਿ ਰੂਪਾਂਤਰਣ ਅੰਗ੍ਰੇਜ਼ੀ ਕਵਿਤਾ ਦੁਆਰਾ ਕੀਤਾ ਹੈ। ਆਪ ਨੇ ਇਸ ਮਹਾਂਕਵੀ ਦੀ ਇਸ ਅਮਰ ਰਚਨਾ ਬਾਰੇ ਤੇ ਉਸ ਦੇ ਕਰਤਾ ਬਾਰੇ ਜੋ ਕਥਨ ਕੀਤੇ ਹਨ, ਉਹ ਇਸ ਉਚਤਮ ਕਾਵਿ-ਕ੍ਰਿਤ ਬਾਰੇ ਕਵੀ ਪੂਰਨ ਸਿੰਘ ਦੇ ਨਿਜੀ ਪ੍ਰਤੀ-ਕਰਮ ਤਾਂ ਹਨ ਹੀ, ਪਰ ਉਹ ਇਸ ਰਚਨਾ ਦੇ ਬੋਧ ਲਈ ਵੀ ਬਹੁਤ ਵਡਮੁੱਲੇ ਅਲੋਚਨਾਤਮਕ ਵਿਚਾਰ ਹਨ। ਪ੍ਰੋ. ਪੂਰਨ ਸਿੰਘ ਦੀ ਦ੍ਰਿਸ਼ਟੀ ਤੋਂ ਇਹ ਇਕ ਤਰ੍ਹਾਂ ਦਾ ਕਵੀ ਜੈ ਦੇਵ ਦੀ ਰਚਨਾ ਦਾ ਵਿਸ਼ਲੇਸ਼ਣ ਵੀ ਹੈ ਤੇ ਮੁਲਾਂਕਣ ਵੀ। ਇਸ ਲਈ ਇਸ ਬਾਰੇ ਕੁਝ ਆਪਣੇ ਵਲੋਂ ਕਹਿਣ ਤੋਂ ਸੰਕੋਚ ਕਰਦੇ ਹੋਏ ਪ੍ਰੋ. ਪੂਰਨ ਸਿੰਘ ਦੇ ਵਿਚਾਰਾਂ ਨੂੰ ਇਥੇ ਅੰਕਤ ਕਰਨਾ ਹੀ ਵਧੇਰੇ ਉਪਯੋਗੀ ਹੋਵੇਗਾ।

"ਜੈ ਦੇਵ ਦੇ ਸੁਪ੍ਰਸਿੱਧ ਗ੍ਰਾਮੀਣ ਨਾਟਕ (ਬ੍ਰਜ ਲੀਲ੍ਹਾ) ਦਾ ਇਹ ਅੰਗ੍ਰੇਜ਼ੀ ਰੂਪਾਂਤਰ ਇਕ ਤਰ੍ਹਾਂ ਦਾ ਅਨੁਵਾਦ ਵੀ ਹੈ, ਸੰਘਣਾ ਅਤੇ ਆਧਾਰਿਤ ਰੂਪ ਵੀ। ਜਦੋਂ ਮੈਂ ਇਸ ਮਹਾਨ ਰਚਨਾ ਦੇ ਸੰਸਕ੍ਰਿਤ ਮੂਲ ਪਾਠ ਨੂੰ ਵਾਚਦਾ ਹਾਂ ਤਾਂ ਇਸ ਦਾ ਹਰ ਸ਼ਲੋਕ ਮੈਨੂੰ ਹਰ ਵਾਰ ਨਵੇਂ ਅਰਥ-ਬੋਧ ਕਰਵਾਉਂਦਾ ਹੈ, ਜੋ ਪੰਡਤਾਂ ਅਤੇ ਆਚਾਰੀਆ ਵਲੋਂ ਇਨ੍ਹਾਂ ਦੀ ਕੀਤੀ ਗਈ ਪ੍ਰਚਲਤ ਵਿਆਖਿਆ ਤੋਂ ਵਿਭਿੰਨ ਪ੍ਰਤੀਤ ਹੁੰਦਾ ਹੈ। ਇਸ ਵਿਚਲੇ ਅੰਤਰੀਵ ਸੁਅਪਨ-ਦ੍ਰਿਸ਼ ਅਤੇ ਉਚੀ ਲਿਵ ਦਾ ਸੁਹਜ ਮੇਰੇ ਮਨ ਵਿਚ ਇਸ ਤਰ੍ਹਾਂ ਕਾਂਗ-ਉਛਾਲੇ ਉਤਪੰਨ ਕਰਦਾ ਹੈ ਕਿ ਮੇਰੀ ਆਤਮਾ ਜੈ ਦੇਵ ਨਾਲ ਇਕਸੁਰ ਹੋ ਜਾਂਦੀ ਹੈ ਤੇ ਉਸ ਦੇ ਪ੍ਰਗੀਤਕ ਵਿਅਕਤਿਤਵ ਵਿਚ ਰੰਗੀ ਜਾਂਦੀ ਹੈ। ਮੈਂ ਇਥੇ ਇਹ ਵੀ ਉਲੇਖ ਕਰ ਦੇਵਾਂ ਕਿ ਇਹ ਅੰਗ੍ਰੇਜ਼ੀ ਅਨੁਵਾਦ ਨਿਰ-ਉਚੇਚ ਤੌਰ ਤੇ ਸੁਤੇ-ਸਿਧ ਹੀ ਬਸੰਤ ਰੁੱਤ ਦੇ ਪੰਛੀਆਂ ਦੇ ਗੀਤ ਸਮਾਨ ਮੇਰੇ ਕੋਲੋਂ ਆਪ-ਮੁਹਾਰੇ ਹੀ ਰਚਿਆ ਗਿਆ ਹੈ।

ਜਦੋਂ ਸੂਰਜੀ-ਸਰੂਪ ਵਾਲੇ ਕ੍ਰਿਸ਼ਨ ਜੀ ਦੀ ਬੰਸਰੀ ਧਰਤੀ ਦੀ ਆਤਮਾ ਵਿੱਚ ਗੂੰਜਦੀ ਹੈ ਤਾਂ ਲੱਖਾਂ ਫੁੱਲ ਆਪਣੀਆਂ ਡੰਡੀਆਂ ਖੋਲ੍ਹ ਕੇ ਪ੍ਰਭੂ ਪ੍ਰੀਤਮ ਦੀ ਮਿਲਾਪ-ਤਾਂਘ ਵਿਚ ਆਪਣੀਆਂ ਬਾਹਾਂ ਉਚੀਆਂ ਕਰ ਦਿੰਦੇ ਹਨ। ਕੀ ਉਸ ਪ੍ਰਭੂ ਪ੍ਰੀਤਮ ਦੀ



Sri Satguru Jagjit Singh Ji eLibrary NamdhariElibrary@gmail.com

ਬੰਸੀ ਦੀ ਸਦ ਬਿੰਦਰਾਬਨ ਦੀਆਂ ਗੋਪੀਆਂ ਦੇ ਮੂਕ ਭਾਵਾਂ ਲਈ ਉਸੇ ਤਰ੍ਹਾਂ ਦੇ ਹੀ ਅਰਥ ਨਹੀਂ ਰਖਦੀ ?

ਵੈਸ਼ਨਵ ਧਰਮ ਦੀ ਸਭ ਤੋਂ ਸੁੰਦਰ ਪੁਸਤਕ ਜੈ ਦੇਵ ਦੀ ਅਮਰ ਰਚਨਾ 'ਗੀਤ ਗੋਵਿੰਦ' ਹੈ। ਗਾਇਕ ਅਲੋਪ ਹੋ ਚੁੱਕੇ ਹਨ, ਪਰ ਇਹ ਗੀਤ ਹਾਲੀ ਵੀ ਨਵਨੀਤ ਅਤੇ ਮਧੁਰ ਹਨ।

ਸੱਚੇ ਅਰਥਾਂ ਵਿੱਚ ਰਾਧਾ ਪ੍ਰਭੂ ਦੀ ਪਤਨੀ ਹੈ ਜਿਸ ਦੀ ਕ੍ਰਿਸ਼ਨ ਜੀ ਖੁਸ਼ਾਮਦ ਕਰਦੇ ਹਨ, ਉਸ ਨੂੰ ਲਾਡ ਲਡਾਉਂਦੇ ਹਨ ਤੇ ਉਸ ਨਾਲ ਚੁਹਲ ਕਰਦੇ ਹਨ, ਉਸ ਨੂੰ ਲਭਦੇ ਫਿਰਦੇ ਹਨ, ਰੁੱਸੀ ਨੂੰ ਮਨਾਉਂਦੇ ਹਨ, ਉਸ ਕੋਲੋਂ ਮਾਫ਼ੀਆਂ ਮੰਗਦੇ ਹਨ, ਉਸ ਨੂੰ ਪਕੜ ਲੈਂਦੇ ਹਨ, ਪਿਆਰ ਕਰਦੇ ਹਨ ਅਤੇ ਉਸ ਦੀ ਪ੍ਰੀਤ-ਗੜੂਚੀ ਆਤਮਾ ਵਿਚੋਂ ਸੁਖ ਸ਼ਾਂਤੀ ਨੂੰ ਭਾਲਦੇ ਹਨ। ਸੁਤੰਤਰਤਾ ਬਾਰੇ ਰਾਧਾ ਦਾ ਆਤਮਕ ਅਨੁਭਵ ਇਤਨਾ ਉਦਾਤ ਹੈ ਕਿ ਸਦੀਆਂ ਬੀਤ ਜਾਣ ਤੇ ਵੀ ਉਸ ਨੂੰ ਪ੍ਰਣਾਮ ਕਰਨ 'ਤੇ ਜੀਅ ਕਰਦਾ ਹੈ। ਆਤਮਕ ਅਨੁਭਵ ਦਾ ਬੋਧ ਰੱਖਣ ਵਾਲੀ, ਸੁਤੰਤਰ, ਪ੍ਰਭੂ ਸਮਾਨ, ਹੁੰਦੀ ਹੋਈ ਵੀ ਉਹ ਮਨੁੱਖ ਦੇ ਰੂਪ ਵਿਚ ਆਪਣੇ ਇਸ਼ਟ ਦੇਵ ਨੂੰ ਲਭਦੀ ਫਿਰਦੀ ਹੈ। ਉਹ ਸਰਵਤਰ ਇਸਤਰੀਤਵ ਲਈ ਇਕ ਉਚ ਆਦਰਸ਼ ਹੈ। ਸੀਤਾ ਪੁਰਾਤਨ ਯੁਗ ਦੀ ਇਸਤਰੀ ਹੈ, ਰਾਧਾ ਭਵਿੱਖ ਦੀ ਇਸਤਰੀ - ਨਾ ਕੇਵਲ ਭਾਰਤ ਲਈ ਹੀ ਸਗੋਂ ਸਾਰੇ ਜਗਤ ਲਈ ਇਕ ਉਚ ਆਦਰਸ਼ ਹੈ।

ਜਦੋਂ ਜੈ ਦੇਵ ਦੀ ਕਵਿਤਾ ਵਿਚ ਬਿੰਦਰਾਬਨ ਦੀਆਂ ਕੁਆਰੀਆਂ ਦੀਆਂ ਛਾਤੀਆਂ ਅੰਦਰ ਉਸ ਪ੍ਰੀਤਮ ਦੇ ਆਤਮਕ ਰੰਗ ਵਿਚ ਗੜੂਚ ਹੱਥਾਂ ਦੀ ਸੂਖਮ ਛੁਹ ਨਾਲ ਪ੍ਰੇਮ ਦਾ ਦੁੱਧ ਅੰਮ੍ਰਿਤ ਉਛਾਲੇ ਮਾਰਨ ਲਗ ਪੈਂਦਾ ਹੈ ਤਾਂ ਇਸ ਉਚਤਮ ਆਨੰਦ-ਮਗਨਤਾ ਦੀ ਅਨੁਭਵੀ ਅਵਸਥਾ ਵਿਚ 'ਗੀਤ ਗੋਵਿੰਦ' ਦੀ ਕਵਿਤਾ ਧਰਤੀ ਦੀਆਂ ਸਾਰੀਆਂ ਸੀਮਾਵਾਂ ਨੂੰ ਤੋੜ ਕੇ ਸੁਅਰਗ ਧਾਮ ਦੇ ਉਨ੍ਹਾਂ ਮੰਡਲਾਂ ਵਿਚ ਜਾ ਪ੍ਰਵੇਸ਼ ਕਰਦੀ ਹੈ, ਜਿਥੇ ਨਗਨਤਾ ਇਕ ਰੱਬੀ ਗੁਣ ਹੈ, ਜਿਥੇ ਸਮੱਸਤ ਸ੍ਰਿਸ਼ਟੀ ਉਤੇ ਸਰਵ-ਵਿਆਪਕ ਲਿੰਗ-ਕਾਮਨਾ ਪ੍ਰਧਾਨ ਹੁੰਦੀ ਹੈ ਅਤੇ ਇਸ ਨੂੰ ਜੀਵਨ ਦੀ ਉਹ ਭਖਦੀ ਚਿੰਗਿਆੜੀ ਸਮਝਿਆ ਜਾਂਦਾ ਹੈ, ਜੋ ਠੰਢ ਵਰਤਾਉਂਦੀ ਹੈ, ਆਤਮਾ ਨੂੰ "ਤ੍ਰਿਪਤ ਕਰਦੀ ਤੇ ਉਸ ਨੂੰ ਪਾਲਦੀ" ਹੈ।

ਜੈ ਦੇਵ ਨੇ ਜਿਹੜੇ ਜੀਵਨ ਦਾ ਚਿਤਰ ਇਸ ਕਵਿਤਾ ਵਿਚ ਪੇਸ਼ ਕੀਤਾ ਹੈ, ਉਹ ਉਨ੍ਹਾਂ ਦੋ ਪ੍ਰੇਮੀਆਂ ਦਾ ਹੈ, ਜੋ ਸਦੀਵੀ ਤੌਰ 'ਤੇ ਇਕ ਦੂਜੇ ਤੋਂ ਵਿਛੜੇ ਹੋਏ ਹਨ, ਇਕ ਦੂਜੇ ਲਈ ਸਹਿਕ ਰਹੇ ਹਨ, ਇਕ ਧਰਤੀ ਉਤੇ ਹੈ ਤੇ ਦੂਜਾ ਆਕਾਸ਼ ਵਿਚ, ਪਰ ਇਹ ਦੋਵੇਂ ਸੁਪਨੇ ਦੇ ਮਿੱਠੇ ਛਿਣ ਦੀ ਤਰ੍ਹਾਂ ਆਨੰਦ ਮਗਨ ਅਵਸਥਾ ਜਾਂ ਆਪਣੇ ਪਰਮ ਚੇਤਨਾ (ਧਿਆਨੀ ਸੁਰਤ) ਵਿਚ। ਇਹ ਸਾਡੇ ਜੀਵਨ ਦਾ ਚਿਤਰ ਹੈ - ਨਹੀਂ ਨਹੀਂ ਇਹ ਤਾਂ ਇਕ ਅਜਿਹੇ ਘਾਇਲ ਪੰਛੀ ਦੀ ਵਿਥਿਆ ਹੈ, ਜਿਸ ਨੂੰ ਅਦ੍ਰਿਸ਼ਟ



Sri Satguru Jagjit Singh Ji eLibrary NamdhariElibrary@gmail.com

ਵਿਚੋਂ ਆਏ ਪ੍ਰੇਮ ਦੇ ਕਿਸੇ ਅਣਿਆਲੇ ਤੀਰ ਨੇ ਵਿੰਨ੍ਹ ਸੁਟਿਆ ਹੈ ਅਤੇ ਉਹ ਆਪਣੇ ਖੰਭ ਫੜਫੜਾ ਰਿਹਾ ਹੈ। ਇਹ ਕਵਿਤਾ ਪ੍ਰੇਮ ਦਾ ਇਕ ਗੀਤ ਹੈ, ਜੋ ਰੰਗ ਬਰੰਗੀਆਂ ਪ੍ਰਗੀਤਕ ਛੁਹਾਂ ਦੇ ਉਚੇ ਸਾਹਿਤਕ ਗੁਣਾਂ ਨਾਲ ਭਰਪੂਰ ਹੈ।

ਜੈ ਦੇਵ ਦੀ ਕ੍ਰਿਸ਼ਨ ਭਗਤੀ ਉਸ ਭਿੰਨੀ ਮਹਿਕ ਦੀ ਲਖਾਇਕ ਹੈ, ਜੋ ਹਰੀ ਬਨਸਪਤੀ ਦੀ ਝੰਗੀ ਵਿਚ ਮਾਲਤੀ ਤੇ ਚੰਬੇਲੀ ਦੀਆਂ ਟਹਿਣੀਆਂ ਨਾਲ ਲਟਕਦੀਆਂ ਵੇਲਾਂ ਦੇ ਬਸੰਤ ਬਹਾਰ ਦੇ ਖੇੜੇ ਸਮਾਨ ਹੈ।

ਆਪਣੀਆਂ ਸ਼ੁਧ ਭਾਵਨਾਵਾਂ ਦੇ ਅੰਬਰੀ ਕਾਂਗ-ਉਛਾਲਿਆਂ ਦੀ ਆਵੇਸ਼ਮਈ ਅਵਸਥਾ ਵਿਚ ਸਾਡਾ ਕਵੀ ਉਚ ਸਮਾਧੀ ਵਿਚ ਧਿਆਨ ਮਗਨ ਹੋ ਕੇ ਇਸਤਰੀ ਪੁਰਸ਼ ਦੇ ਪ੍ਰੇਮ ਰੁਮਾਂਸ ਦੇ ਗੀਤ ਗਾਉਂਦਾ ਹੈ। ਇਕ ਉਚ ਕੋਟੀ ਦੀ ਪ੍ਰਗੀਤਮਈ ਪ੍ਰਤਿਭਾ ਵਲੋਂ ਭੇਟ ਕੀਤੀ ਗਈ 'ਗੀਤ ਗੋਵਿੰਦ' ਸਾਡੇ ਲਈ ਸਭ ਤੋਂ ਵੱਡੀ ਸੁਗਾਤ ਹੈ, ਜਿਸ ਵਿਚ ਮਨੁੱਖੀ ਦਿਲ ਦੀਆਂ ਮਘਦੀਆਂ ਜਗਦੀਆਂ ਚਿੰਗਿਆੜੀਆਂ ਨੂੰ ਪਕੜਿਆ ਗਿਆ ਹੈ ਅਤੇ ਦੈਵੀ ਮਸਤੀ ਵਿਚ ਅਕਾਸ਼ੀ ਅਨੁਭਵ ਨਾਲ ਇਕਸੁਰ ਕਰਕੇ ਪ੍ਰੇਮ ਅਨੁਭਵ ਦੀ ਰੱਬੀ ਸ਼ਾਨ ਨੂੰ ਇਸ ਧਰਤੀ ਉਪਰ ਲਿਆ ਕੇ ਘੋਸ਼ਣਾ ਕੀਤੀ ਗਈ ਹੈ।

ਜਿਸ ਤਰ੍ਹਾਂ ਪ੍ਰੋ. ਪੂਰਨ ਸਿੰਘ ਨੇ ਕਵੀ ਜੈ ਦੇਵ ਦੀ ਰਚਨਾ ਨੂੰ ਪੜ੍ਹ ਕੇ ਕਿਸੇ ਆਵੇਸ਼ਗਤ ਅਵਸਥਾ ਨੂੰ ਅਨੁਭਵ ਕੀਤਾ ਹੈ ਤਿਵੇਂ ਮੇਰੇ ਪ੍ਰਤੀਕਰਮ ਪ੍ਰੋ. ਪੂਰਨ ਸਿੰਘ ਦੇ ਇਸ ਅੰਗ੍ਰੇਜ਼ੀ ਕਾਵਿ-ਰੂਪਾਂਤਰਣ ਨੂੰ ਪੜ੍ਹ ਕੇ ਜਾਗੇ, ਜਿਸ ਦੇ ਫਲਸਰੂਪ ਮੈਂ ਪ੍ਰੋ. ਪੂਰਨ ਸਿੰਘ ਦੀ ਅੰਗ੍ਰੇਜ਼ੀ ਰਚਨਾ ਨੂੰ ਆਧਾਰ ਬਣਾ ਕੇ ਇਸ ਦਾ ਸੁਤੰਤਰ ਪੰਜਾਬੀ ਕਾਵਿ-ਰੂਪਾਂਤਰਣ ਕਰ ਦਿੱਤਾ ਹੈ। ਪਾਠਕ ਜਨ ਆਪ ਹੀ ਇਸ ਪ੍ਰੇਮਮਈ ਬਾਣੀ ਦੀ ਨ੍ਹਾਤੀ ਧੋਤੀ ਪਵਿਤਰਤਾ ਨੂੰ ਜਾਣ ਤੇ ਮਾਣ ਸਕਦੇ ਹਨ। ਮੇਰਾ ਨਿਜੀ ਤੌਰ 'ਤੇ ਇਹੋ ਹੀ ਯਤਨ ਰਿਹਾ ਹੈ ਕਿ ਮੈਂ ਇਸ ਮਹਾਨ ਪ੍ਰੀਤ-ਕਾਵਿ ਦੀ ਧੁਰ ਆਤਮਾ ਦੇ ਨੇੜੇ ਹੋ ਕੇ ਇਸ ਨੂੰ ਪੰਜਾਬੀ ਕਵਿਤਾ ਦਾ ਜਾਮਾ ਪਹਿਨਾਵਾਂ। ਕਿਸ ਹੱਦ ਤੱਕ ਇਸ ਉਦੇਸ਼ ਵਿਚ ਮੈਂ ਸਫ਼ਲ ਹੋਇਆ ਹਾਂ, ਪਾਠਕ ਆਪ ਹੀ ਇਸ ਦਾ ਅਨੁਮਾਨ ਲਾ ਸਕਣਗੇ। ਮੇਰੇ ਪਾਸ ਨਾ ਉਹ ਬੁਧੀ ਹੈ, ਨਾ ਉਹ ਯੋਗਤਾ ਹੈ ਜੋ ਇਨ੍ਹਾਂ ਮਹਾਨ ਕਵੀਆਂ ਕੋਲ ਸੀ। ਮੈਂ ਤਾਂ ਸੁਹਿਰਦਤਾ ਨੂੰ ਸਾਖੀ ਰਖ ਕੇ ਇਸ ਅਮਰ ਕਾਵਿ ਨੂੰ ਪੰਜਾਬੀ ਰੂਪ ਦੇਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਘੱਟੋ ਘੱਟ ਪੰਜਾਬੀ ਭਾਸ਼ਾ ਵਿਚ ਇਸ ਉਤਕ੍ਰਿਸ਼ਟ ਸੰਸਕ੍ਰਿਤ ਰਚਨਾ ਦਾ ਇਹ ਪਹਿਲਾ ਅਨੁਵਾਦ ਹੈ, ਜਿਸ ਨੂੰ ਪੰਜਾਬੀ ਪਾਠਕਾਂ ਦੇ ਭੇਟ ਕਰਕੇ ਮੈਨੂੰ ਉਚੇਚੀ ਖੁਸ਼ੀ ਹੋ ਰਹੀ ਹੈ।

ਪਟਿਆਲਾ ਕਿਰਪਾਲ ਸਿੰਘ ਕਸੇਲ

23 ਮਾਰਚ, 1993



Sri Satguru Jagjit Singh Ji eLibrary NamdhariElibrary@gmail.com

ਮ: 2 ॥
ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾਤ ਆਤਮਾ ॥
ਆਤਮਾ ਬਾਸੁਦੇਵਸਿ ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥4॥

(ਆਸਾ ਦੀ ਵਾਰ)

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥

(ਆਸਾ ਦੀ ਵਾਰ)

ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥

(ਬਾਰਹ ਮਾਹਾ ਮਾਂਝ ਮਹਲਾ 5 ਘਰੁ 4)


Sri Satguru Jagjit Singh Ji eLibrary NamdhariElibrary@gmail.com

# ਗੀਤ ਗੋਵਿੰਦ



Sri Satguru Jagjit Singh Ji eLibrary NamdhariElibrary@gmail.com

## ਗੀਤ ਗੋਵਿੰਦ ਦੇ ਪਾਤਰ

(ਸਭ ਪਾਤਰ ਧਿਆਨੀ ਕਲਪਨਾ ਦੇ ਰੂਪਾਕਾਰ ਹਨ, ਜੋ ਆਤਮਾ ਦੇ ਦੈਵੀ ਪ੍ਰਕਾਸ਼ ਦੁਆਰਾ ਰਚੇ ਗਏ ਹਨ, ਜਿਨ੍ਹਾਂ ਨੇ ਫੁੱਲਾਂ ਦੇ ਪੱਤਿਆਂ ਦੇ ਪ੍ਰਕਾਸ਼ ਤੋਂ ਬਿਨਾਂ ਹੋਰ ਕੋਈ ਬਸਤਰ ਧਾਰਣ ਨਹੀਂ ਕੀਤਾ ਹੋਇਆ ਹੈ।)

ਕ੍ਰਿਸ਼ਨ : ਪਰਮ ਯਥਾਰਥ ਦਾ ਸਰੂਪ, ਬਿੰਦਰਾਬਨ ਦਾ ਯੁਕਵ-ਨਿਰਤਕਾਰ, ਪ੍ਰੀਤਮ, ਸ਼ੁਧ ਵਿਚਾਰਾਂ ਦਾ ਨੀਲਾ ਰੂਪਾਕਾਰ, ਸਮਸਤ ਨੀਲਾ ਆਕਾਸ਼, ਜੋ ਇਸ ਦਾ ਵਾਸਤਵਿਕ ਸਰੂਪ ਸੀ, ਪਰ ਸ਼ਰਧਾਲੂਆਂ ਦੇ ਮਨਾਂ ਵਿਚ ਉਹ ਸੰਝ ਦਾ ਸਰੂਪ ਤੇ ਧੁੰਦਲਾ ਜਿਹਾ ਵਿਚਾਰ ਹੈ, ਪਿਰ ਪਿਛੋਂ ਉਹ ਦੈਵੀ ਪ੍ਰਕਾਸ਼ ਦੇ ਇਕ ਪਰੇਮ-ਪਾਤਰ ਦੇ ਰੂਪ ਵਿਚ ਆਉਂਦਾ ਹੈ, ਪਹਿਲਾਂ ਉਹ ਮਨੁੱਖੀ ਚਿਹਰੇ ਦੇ ਸੂਖਮ ਆਕਾਰ ਵਿਚ ਦਿਖਾਈ ਦਿੰਦਾ ਹੈ, ਥੋੜ੍ਹੀ ਜਿਹੀ ਝਲਕ ਵਿਖਾਉਂਦਾ ਹੈ ਅਤੇ ਉਸ ਦਾ ਹੱਥ ਹਿਲਦਾ ਦਿਖਾਈ ਦਿੰਦਾ ਹੈ। ਇਹ ਇਕ ਉਡਦਾ ਜਿਹਾ ਰੂਪਾਕਾਰ ਹੈ ਜੋ ਕਦੀ ਦਿਸਦਾ ਤੇ ਕਦੀ ਅਲੋਪ ਹੁੰਦਾ ਹੈ। ਪਰਦੇ ਉਠਣ ਉਤੇ ਸ਼ਰਧਾਲੂ ਇਸ ਵਲ ਤੱਕਦੇ ਹਨ ਅਤੇ ਆਵੇਸ਼ ਅਵਸਥਾ ਵਿਚ ਧਿਆਨ ਮਗਨ ਹੋ ਕੇ ਉਸ ਨੂੰ ਰੱਬੀ ਅਵਤਾਰ ਜਾਣ ਕੇ ਆਪਣੇ ਮਨ ਵਿਚ ਵਸਾ ਲੈਂਦੇ ਹਨ, ਇਹ ਸਦੀਵੀ ਜੀਵਨ ਦਾ ਚਿੰਨ੍ਹ ਬਣ ਜਾਂਦਾ ਹੈ। ਪਰੇਮ ਦੀ ਮੂਰਤੀ ਅਤੇ ਇਸ ਰਬੀ ਸਰੂਪ ਵਿਚ ਉਨ੍ਹਾਂ ਦੇ ਮਨਾਂ ਵਿਚ ਅੰਮ੍ਰਿਤ ਬੂੰਦਾਂ ਦਰਸਾਉਣ ਵਾਲਾ ਹੈ। ਇਸ ਲਈ ਉਨ੍ਹਾਂ ਦੇ ਜੀਵਨ ਦਾ ਇਕ ਅਨਿਖੜ ਅੰਗ ਬਣ ਜਾਂਦਾ ਹੈ। ਉਹ ਜੀਵਨ ਮਨੁੱਖਤਾ, ਰੱਬਤਾ, ਧਰਮ, ਕਲਾ, ਜੀਵਨ ਦੀ ਅੰਤਮ ਪੂਰਤੀ ਦਾ ਸਰਬ ਸਮਿਆਂ ਲਈ ਆਦਰਸ਼ ਬਣ ਜਾਂਦਾ ਹੈ — ਜੀਵਨ ਦੇ ਸਾਰੇ ਰੂਪਾਕਾਰਾਂ ਲਈ ਉਹ ਇਸਤਰੀ, ਪੁਰਸ਼, ਪੰਛੀ ਤੇ ਬ੍ਰਿਛਾਂ ਦਾ ਪ੍ਰਭੂ ਪ੍ਰੀਤਮ ਹੈ — "ਉਹ ਸੈਭੰਗ ਸਰੂਪ ਹੈ, ਜਿਸ ਦੀ ਰਿਸ਼ੀ ਮੁਨੀ ਵੱਖ ਵੱਖ ਰੂਪ ਵਿਚ ਮਹਿਮਾ ਗਾਉਂਦੇ ਹਨ", ਜੋ ਸਰਵੁਚ ਆਤਮਾ ਤੇ ਕਰਤਾ ਪੁਰਖ ਹੈ।

ਰਾਧਾ : ਸ਼ਰਧਾਲੂ ਆਤਮਾ, ਪ੍ਰਭੂ ਦੀ ਪਤਨੀ। ਮਨੁੱਖਤਾ ਜੋ ਦੈਵੀ ਦਰਸ਼ਨ ਦੀ ਝਲਕ ਲਈ ਤ੍ਰਿਖਾਵੰਤ ਹੈ, ਜੋ ਰੱਬੀ ਸੰਜੋਗ ਦੀ ਭੁੱਖੀ ਹੈ ਅਤੇ ਆਪਣੇ ਅੰਤਰੀਵ ਇਸ਼ਟ ਤੋਂ ਵਿਛੜ ਕੇ ਪੀੜਾਂ ਦਾ ਦੁੱਖ ਸਹਾਰਦੀ ਹੈ।

ਸਖੀਆਂ : ਯੁੱਗਾਂ ਦੀਆਂ ਆਵਾਜ਼ਾਂ।

ਗੋਪੀਆਂ : ਸਭ ਜੀਵ-ਇਸਤਰੀਆਂ ਪ੍ਰਭੂ ਦੀਆਂ ਪਤਨੀਆਂ।

(ਝਾਕੀ ਬਿੰਦਰਾਬਨ ਅਰਥਾਤ ਸੁੰਦਰਤਾ ਦੇ ਬਨ ਦੀ ਹੈ, ਜੋ ਕੇਵਲ ਸ਼ਰਧਾਲੂ ਦੇ ਅਨੰਦ ਮਗਨ ਨੈਣਾਂ ਨੂੰ ਹੀ ਦਿਖਾਈ ਦਿੰਦੀ ਹੈ।)



Sri Satguru Jagjit Singh Ji eLibrary NamdhariElibrary@gmail.com

## ਮੰਗਲਾਚਰਣ

ਵਚਨਾਰੰਭ ——ਦਸ ਅਵਤਾਰ ਸਤੋਤਰ।*

(ਕ੍ਰਿਸ਼ਨ ਤੋਂ ਬਿਨਾਂ ਗੋਪੀਆਂ,
ਸਖੀਆਂ ਤੇ ਅਭਿਨੇਤਾ ਸਭ ਮਿਲ ਕੇ ਗਾਉਂਦੇ ਹਨ)

ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!
ਆਦਿ ਕਾਲ ਸ੍ਰਿਸ਼ਟੀ ਅਵਤਾਰਾ,
ਉਛਲ ਰਹੀ ਸਾਗਰ ਜਲਧਾਰਾ।
ਮੱਛ ਰੂਪ ਤਦ ਆਪ ਬਣਾਇਆ,
ਹਿਰਦੇ ਵਿਚ ਜੋਤੀ ਲੈ ਆਇਆ।
ਤਰਿਆ ਤੂੰ ਸਾਗਰ ਵਿਚਕਾਰ
ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!

ਅਦਭੁਤ ਰੂਪ ਕਛੂ ਦਾ ਧਰਿਆ!
ਧਰਤੀ ਪਿਠ ਉਪਰ ਲੈ ਤਰਿਆ
ਨੀਲੇ ਜਲ ਵਿਚ ਧਰਤ ਸੁਨਹਿਰੀ
ਵਾਹ ਤੇਰੀ ਲੀਲਾ ਅਤਿ ਗਹਿਰੀ
ਧਰਤ ਰਚਾਈ ਜਲ ਵਿਚਕਾਰ
ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!

ਹੇ ਵਰਾਹ ਰੂਪ ਅਵਤਾਰ
ਧਰਤੀ ਚੁਕ ਰਖੀ ਸੁੰਡ ਭਾਰ
ਵਿਚ ਆਕਾਸ਼ ਬਿੰਦੂ ਦਾ ਰੂਪ
ਦਾਗ਼ ਚੰਦਰਾਮਾ ਜਿਵੇਂ ਅਨੂਪ
ਵਾਹ ਤੇਰੀ ਲੀਲਾ ਕਰਤਾਰ!
ਹੇ ਸ੍ਰਿਸ਼ਟੀ ਦੇ ਸਿਰਜਣਹਾਰ!



Sri Satguru Jagjit Singh Ji eLibrary NamdhariElibrary@gmail.com

ਹੋਵ੍ਹੇ ਤੇਰੀ ਜੈ ਜੈ ਕਾਰ!
ਨਰ ਸਿੰਘ ਰੂਪ ਨਖਣ ਅਤਿ ਭਾਰੀ
ਹਰਨਾਖ਼ਸ਼ ਦੀ ਭੁਗਤ ਸਵਾਰੀ
ਪੇਟ ਪਾੜ ਕੀਤਾ ਸੰਘਾਰ
ਦਸੀ ਆਪਣੀ ਸ਼ਕਤ ਅਪਾਰ
ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!

ਆਏ ਵਾਮਨ ਰੂਪ ਨੂੰ ਧਾਰ
ਧਰਤੀ ਦਾ ਇਹ ਮਹਾਂ ਪਸਾਰ
ਮਿਣਿਆ ਤਿੰਨ ਕਦਮਾਂ ਦੇ ਹਾਰ
ਚੌਥੇ ਦੀ ਕਿਸ ਨੂੰ ਸੀ ਸਾਰ!
ਜਿਥੇ ਵੀ ਤੁਸੀਂ ਕਦਮ ਟਿਕਾਓ
ਸੌ ਗੰਗਾ ਦੀ ਧਾਰ ਵਹਾਓ
ਅਦਭੁੱਤ ਲੀਲਾ ਹੇ ਕਰਤਾਰ!
ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!

ਬਲਦੇਵ ਰੂਪ ਤੂੰ ਆਪ ਸਜਾਇਆ
ਮਹਾਂ ਮਾਨਵ ਦਾ ਰੂਪ ਬਣਾਇਆ
ਚਿੱਟੀ ਦੁੱਧ ਕਾਂਇਆਂ ਅਪਾਰ
ਕੱਜੇ ਮੇਘਲਾ ਚਾਦਰ ਹਾਰ
ਜਮਨਾਂ ਦੀ ਨੀਲੀ ਜਲਧਾਰ
ਹੈ ਤੈਂ ਹਲ ਰੂਪ ਅਵਤਾਰ
ਤੇਰੇ ਫਲ ਦੇ ਹੈ ਭੈ ਕਾਰਨ ਹੀ
ਨਿਤ ਵਹਿੰਦੀ ਹੈ ਯਮਨਾ ਧਾਰ!
ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!

ਪਰਸਰਾਮ ਕੁਹਾੜਾ ਫੜ ਕੇ
ਕਟੇ ਸੀਸ ਜੋ ਵੀ ਅਟਕੇ
ਸੁੰਦਰ ਸ਼ਿਵ ਦੇਵ ਸਰੂਪ
ਜੋ ਮੂੰਹ ਮੋੜੇ ਕੀਤਾ ਸੂਤ



Sri Satguru Jagjit Singh Ji eLibrary NamdhariElibrary@gmail.com

ਮਹਿਮਾਂ ਤੇਰੀ ਅਪਰੰਪਾਰ!
ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!

ਧਰਿਆ ਰਾਮ ਰੂਪ ਅਵਤਾਰ
ਪਾਪੀ ਦਹਿਸਰ ਦਿਤਾ ਮਾਰ
ਰਾਮ ਰੂਪ ਅਨੂਪ ਅਪਾਰ
ਪੇਖ ਪੇਖ ਹੋਈਏ ਬਲਿਹਾਰ
ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!

ਬੁਧ ਦਾ ਰੂਪ ਧਾਰ ਕੇ ਆਏ
ਗਿਆਨ ਦਯਾ ਕਰੁਣਾ ਮਨ ਭਾਏ
ਅਤਿ ਸੁੰਦਰ ਸਰੂਪ ਸੁਹਾਏ
ਪਰਮ ਸ਼ਾਂਤੀ ਮਹਾਂ-ਅਵਤਾਰ!
ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!

ਕਲਗੀਧਰ ਖੜਗ ਦੇ ਧਾਰੀ
ਦੁਸ਼ਟ ਦਮਨ ਦੀ ਮਹਿਮਾ ਨਿਆਰੀ
ਕਲਯੁਗ ਦੇ ਅਵਤਾਰ ਪਿਆਰੇ
ਵਾਰ ਵਾਰ ਜਾਈਏ ਬਲਿਹਾਰੇ!
ਜੈ ਜੈ ਜੈ ਕਲਕੀ ਅਵਤਾਰ!
ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!

ਹਰੀ ਰੂਪ ਅਤਿ ਪ੍ਰੀਤਮ ਪਿਆਰੇ
ਜੈ ਜੈ ਕਾਰ ਤੇਰੀ ਅਤਿ ਪਿਆਰੇ!
ਕੇਸ ਕੁੰਡਲ ਦੀ ਛਵ ਨਿਆਰੀ
ਸਗਲ ਬਨਸਪਤ ਹੇ ਬਨਵਾਰੀ
ਗਲ ਤੋਂ ਲੈ ਚਰਨਾਂ ਤਕ ਪਿਆਰੇ
ਪਹਿਨ ਰਖਿਆ ਸੁੰਦਰ ਹਾਰ!



Sri Satguru Jagjit Singh Ji eLibrary NamdhariElibrary@gmail.com

ਤੇਰੇ ਸੀਨੇ ਵਿਚਲਾ ਪਿਆਰ
ਮਾਣੇ ਲਛਮੀ ਵਿਚ ਖ਼ੁਮਾਰ
ਮਾਨਸਰਾਂ ਦੇ ਹੰਸ ਅਵਤਾਰ !
ਤੇਰੇ ਮਹਾਂ ਪ੍ਰਕਾਸ਼ ਦੀ ਛਾਇਆ
ਹੈ ਰਵੀ ਦੀ ਮਹਾਂ ਪਸਾਰ।
ਹੇ ਜੀਵ ਦੇ ਮੁਕਤੀ ਦਾਤੇ
ਇਸ ਦੇਹੀ ਦਾ ਕਰੋ ਉਦਾਰ
ਹੇ ਸ੍ਰਿਸ਼ਟੀ ਦੇ ਸਿਰਜਣਹਾਰ
ਜੈ ਜੈ ਜੈ ਤੇਰੀ ਕਰਤਾਰ
ਜੈ ਹਰੀ ਪ੍ਰੀਤਮ ਮਨਮੋਹਣ
ਹੋਵੇ ਤੇਰੀ ਜੈ ਜੈ ਕਾਰ !

ਕਾਲੀ ਨੂੰ ਨਥ ਪਾਵਣ ਵਾਲੇ
ਸਰਪ ਦਾ ਵਿਹੁ ਮੁਕਾਵਣ ਵਾਲੇ
ਹੇ ਸੁੰਦਰ ਹੇ ਮਹਾਂ ਅਨੂਪ
ਪਰਮ ਅਨੰਦ ਦੇ ਮਹਾਂ ਸਰੂਪ
ਯਾਦਵ ਕੁਲ ਦੇ ਕੰਵਲ ਪਿਆਰੇ
ਚੰਦਰ ਬੰਸੀ ਰਾਜ ਦੁਲਾਰੇ
ਹੇ ਹਰੀ ਪ੍ਰੀਤਮ ਮਨਮੋਹਣ
ਕਰੀਏ ਤੇਰੀ ਜੈ ਜੈ ਕਾਰ !

ਦੇਵ ਗਣਾਂ ਲਈ ਹੋ ਭਗਵੰਤ
ਦੈਂਤਾਂ ਦਾ ਕਰਦੇ ਹੋ ਅੰਤ
ਗਰੜ ਵਾਹਣ ਦੇ ਸ਼ਾਹ-ਸੁਆਰ
ਦੇਵਤਿਆਂ ਦੇ ਹੋ ਸਰਦਾਰ !
ਹੇ ਹਰੀ ਪ੍ਰੀਤਮ ਮਨਮੋਹਣ !
ਹੋਵੇ ਤੇਰੀ ਜੈ ਜੈ ਕਾਰ !

ਨੈਣ ਕੰਵਲ ਇਕ ਵਾਰ ਨਿਹਾਰਨ
ਦੁਖੜੇ ਧਰਤ ਦੇ ਸਭ ਨਿਵਾਰਨ
ਤ੍ਰੈ-ਲੋਕੀ ਦੇ ਸਿਰਜਣਹਾਰ !



Sri Satguru Jagjit Singh Ji eLibrary NamdhariElibrary@gmail.com

ਹੇ ਹਰੀ ਪ੍ਰੀਤਮ ਮਨਮੋਹਣ
ਹੋਵੇ ਤੇਰੀ ਜੈ ਜੈ ਕਾਰ!

ਸੀਤਾ ਜੀ ਦੇ ਰਾਮ ਪਿਆਰੇ
ਦਹਿਸਰ ਤਾਂਈਂ ਮਾਰਨ ਵਾਲੇ
ਹੇ ਹਰੀ ਪ੍ਰੀਤਮ ਮਨਮੋਹਣ
ਕਰੀਏ ਤੇਰੀ ਜੈ ਜੈ ਕਾਰ!

ਹੇ ਸੁੰਦਰ ਸੁਨੀਲ ਪਿਆਰੇ
ਮੇਘ ਰੂਪ ਅਨੂਪ ਨਿਆਰੇ
ਚੰਦ ਰੂਪ ਲਛਮੀ ਮਹਾਂ ਮਾਇਆ
ਪੰਛੀ ਮਨ ਉਡਦਾ ਉਠ ਧਾਇਆ
ਹੇ ਹਰੀ ਪ੍ਰੀਤਮ ਮਨਮੋਹਣ
ਕਰੀਏ ਤੇਰੀ ਜੈ ਜੈ ਕਾਰ!

ਜੈ ਦੇਵ ਗੀਤ ਗੋਵਿੰਦ ਅਲਾਏ
ਮਹਾਂ ਅਨੰਦ ਉਸ ਨੂੰ ਜੋ ਗਾਏ
ਸੁੰਦਰ ਪਵਿੱਤਰ ਹੈ ਇਹ ਗੀਤ
ਆਤਮ ਤਾਲ ਦਾ ਮਹਾਂ ਸੰਗੀਤ
ਭਗਤੀ ਸ਼ਰਧਾ ਵਿਚ ਪੁਨੀਤ
ਹੈ ਇਹ ਸ਼ੁਧ ਪ੍ਰੀਤ ਦਾ ਗੀਤ
ਸਹਿਜ ਮੰਗਲ ਤੇ ਗਹਿਰ ਗੰਭੀਰ
ਹੈ ਇਹ ਮਨ ਅੰਤਰ ਦੀ ਧੀਰ।
ਜੈ ਜੈ ਕਾਰ ਤੇਰੀ ਕਰਤਾਰ
ਹੇ ਹਰੀ ਪ੍ਰੀਤਮ ਮਨਮੋਹਣ
ਕਰੀਏ ਤੇਰੀ ਜੈ ਜੈ ਕਾਰ!
ਹੇ ਸ੍ਰਿਸ਼ਟੀ ਦੇ ਸਿਰਜਣਹਾਰ!
ਹੋਵੇ ਤੇਰੀ ਜੈ ਜੈ ਕਾਰ!



Sri Satguru Jagjit Singh Ji eLibrary NamdhariElibrary@gmail.com

(ਬਾਕੀ ਸਾਰੇ ਚੁੱਪ ਕਰ ਜਾਂਦੇ ਹਨ ਅਤੇ ਉਨਾਂ ਵਿਚੋਂ
ਕੇਵਲ ਇਕ ਪਾਤਰ ਨਾਟਕ ਬਾਰੇ ਇੰਝ ਕਥਨ ਕਰਦਾ ਹੈ।)

ਗਾਇਕ !
ਗੀਤ ਮੇਰਾ ਤੂੰ ਗਾ।
ਗਾਇਕ !
ਪ੍ਰੇਮ ਗੀਤ ਤੂੰ ਗਾ।
ਗੀਤ ਮੇਰਾ ਹੈ ਕੇਸਰ-ਭਿੰਨਾ
ਉਸ ਪਵਨ ਨੂੰ ਛੂਹ ਕੇ ਆਇਆ
ਜਿਸ ਨੇ ਪ੍ਰੇਮ ਅਲਿੰਗਣ ਮਾਣਿਆ
ਹਰੀ ਪ੍ਰੀਤਮ ਦੀ ਛਾਤੀ ਉਤੇ
ਦੇਵੀ ਲਛਮੀ ਹੁਣੇ ਸੀ ਲੇਟੀ
ਹੁਣ ਉਠੀ ਹੈ
ਪ੍ਰੀਤ ਦੇ ਰੰਗ ਨੂੰ ਮਾਣ
ਛਾਤੀ ਉਸ ਨੇ ਕੇਸਰ ਲਿਪੀ
ਦੋਵੇਂ ਅਨੰਦ ਵਿਭੋਰ ਸਨ ਹੋਏ
ਪਰੇਮ ਨਸ਼ੇ ਵਿਚ।
ਉਸ ਪਰੇਮ ਦੀ ਮਹਿਕ ਹੈ ਘੁਲ ਗਈ
ਮਹਿਕੀ ਇਹ ਹਵਾ
ਗਾਇਕ ! ਪਰੇਮ ਗੀਤ ਤੂੰ ਗਾ
ਗਾਇਕ ! ਗੀਤ ਮੇਰਾ ਤੂੰ ਗਾ।

ਮੇਰਾ ਗੀਤ ਨਿੱਘਾ ਤੇ ਮਿੱਠਾ
ਪਰੇਮ ਸੰਯੋਗ ਦਾ ਇਹ ਹੈ ਚਿਠਾ
ਇਸ ਦਾ ਸਾਹ ਹੈ ਖਿਚਵਾਂ ਖਿਚਵਾਂ
ਪਰੇਮ ਮਿਲਨ ਦੀ ਮਸਤੀ ਵਿਚ ਮਖਮੂਰ
ਜੀਵਨ ਦੀ ਧੜਕਣ ਦੀ ਇਸ ਵਿਚ
ਮੁੜ੍ਹਕੇ ਦੀ ਖ਼ੁਸ਼ਬੂ ਦੇ ਮੋਤੀ
ਮੇਰੇ ਇਸ ਗੀਤ ਵਿਚ ਲਛਮੀ
ਵਿਸ਼ਣੂ ਜੀ ਨੂੰ ਮਿਲ ਰਹੀ ਹੈ।
ਸੁਹਾਗ ਆਨੰਦ ਨੂੰ ਮਾਣ ਰਹੀ ਹੈ।
ਗਾਇਕ ! ਪਰੇਮ ਗੀਤ ਤੂੰ ਗਾ
ਗਾਇਕ ! ਗੀਤ ਮੇਰਾ ਤੂੰ ਗਾ।



Sri Satguru Jagjit Singh Ji eLibrary NamdhariElibrary@gmail.com

ਮੇਰੇ ਗੀਤ 'ਚ ਰਾਧਾ ਹੈ ਜੋ,
ਖਿੜੀ ਵਾਂਗ ਬਹਾਰ।
ਰੂਪ ਜਵਾਨੀ ਵਿਚ ਮੱਘਦਾ ਹੈ,
ਸੂਖਮ ਉਹਦਾ ਆਕਾਰ।
ਮਾਂਧਵੀ ਲਤਾ ਦੇ ਕੋਮਲ ਫੁਲਾਂ ਵਰਗੇ,
ਉਸ ਦੇ ਨਰਮ ਜੋ ਅੰਗ,
ਭਰੀ ਪਰੇਮ ਉਮੰਗ।
ਅਣਗਾਹੇ ਬਨਾਂ ਵਿਚ ਢੂੰਡੇ,
ਰਾਧਾ ਆਪਣਾ ਪਿਆਰ।
ਹੋ ਰਹੀ ਬੇ-ਕਰਾਰ।
ਮਿਲੇ ਨਾ ਉਸ ਦਾ ਸੁਆਮੀ,
ਜਿਸ ਦੇ ਪਰੇਮ ਦੀ ਸ਼ਾਨ ਨੂੰ
ਉਸ ਨੇ ਆਪਣੇ ਸੀਨੇ ਵਿਚ ਘੁਟ ਰਖਿਆ।
ਬਨਾਂ ਦੇ ਵਿਚ ਫਿਰੇ ਢੂੰਡੇਂਦੀ,
ਆਪਣਾ ਨਿਘਾ ਪਿਆਰ !
ਸੁਣੋ ਸਖੀਆਂ ਪਰੇਮ-ਵਿਗੁਤੀ ਰਾਧਾ ਤਾਂਈਂ,
ਕਹਿੰਦੀਆਂ ਕੀ ਪੁਕਾਰ।
ਸੁਣੋ ਦੇਵਾਂ ਮੈਂ ਸੁਣਾ !
ਗਾਇਕ ! ਪਰੇਮ ਗੀਤ ਤੂੰ ਗਾ
ਗਾਇਕ ! ਗੀਤ ਮੇਰਾ ਤੂੰ ਗਾ।



Sri Satguru Jagjit Singh Ji eLibrary NamdhariElibrary@gmail.com

# ਇੱਕ

(ਬਨ ਦੀਆਂ ਛੋਟੀਆਂ ਝਾੜੀਆਂ ਤੇ ਬਿਰਛਾ ਵਿਚ ਘਿਰਿਆ ਹੋਇਆ 'ਅਨੰਦ-ਬਾਗ', ਜੋ ਫੁਲਾਂ, ਵੇਲਾਂ ਤੇ ਹੋਰ ਪਰੇਮ ਮਿਲਣੀਆਂ ਲਈ ਰਮਣੀਕ ਸਥਾਨ ਹੈ। ਇਥੇ ਛਾਂ ਵਿਚ ਬੈਠੀ ਰਾਧਾ ਧਿਆਨ ਮਗਨ ਪਰੇ ਉਚੇ ਥਾਂ ਕ੍ਰਿਸ਼ਨ ਜੀ ਨੂੰ ਜੋ ਬਿੰਦਰਾਬਨ ਦੀਆਂ ਸੈਂਕੜੇ ਗੋਪੀਆਂ ਸੰਗ ਨਚ ਰਹੇ ਹਨ, ਨੂੰ ਵੇਖ ਰਹੀ ਹੈ।)

(ਸਖੀ ਦਾ ਪ੍ਰਵੇਸ਼)

ਸਖੀ : ਰਾਧਾ ਨੀ ! ਪਰੇਮ ਚਿੰਗਾੜੀ ਜਦ ਹਰ ਪਤਨੀ ਤਾਂਈਂ ਸਤਾਏ
ਪੀਆ ਜਿਨ੍ਹਾਂ ਦੇ ਹਨ ਪ੍ਰਦੇਸ਼ ਸਿਧਾਏ।
ਕਿਵੇਂ ਗੁਜ਼ਰ ਹੋਵੇ ਉਨ੍ਹਾਂ ਦੀ
ਕੰਤ ਨਾ ਪਰਤੇ ਹਾਏ ?
ਯਾਦ ਉਨ੍ਹਾਂ ਦੀ ਬਿਰਹੋਂ ਅਗਨੀ
ਮੁੜ ਮੁੜ ਪਈ ਭੜਕਾਏ।
ਖਿੜੀ ਬਹਾਰ ਹੈ ਚਾਰ ਚੁਫੇਰੇ
ਕੁਝ ਵੀ ਮਨ ਨਾ ਭਾਏ।
ਦਸ ਫਿਰ ਉਹ ਬਿਹਰੋਂ-ਡੰਗੀ ਪਤਨੀ
ਕਿਧਰ ਨੂੰ ਜਾਏ ?
ਹਾਏ ਨੀ ਰਾਧਾ ! ਦਸ ਫਿਰ ਤੂੰ ਹੀ
ਆਪਣੇ ਪੀਆ ਨੂੰ ਕਿਥੋਂ ਲਭ ਲਿਆਏ ?
ਬਨ-ਕੁੰਜਾਂ ਵਿਚ ਕਿਸ ਨੂੰ ਰਾਧਾ ਤੂੰ ਪਈ ਲਭੇਂ
ਮੈਂ ਸਾਰ ਤੇਰੇ ਦਿਲ ਦੀ ਜਾਣਾਂ
ਤੇਰੀ ਪੀੜ ਪਛਾਣਾਂ।
ਉਸ ਚਿਤ-ਚੋਰ ਦੀ ਲੀਲ੍ਹਾ
ਆ ਤੈਨੂੰ ਵਿਖਾਵਾਂ !

ਔਹ ਵੇਖ ਉਹ ਨਾਚ ਨਚੇਂਦਾ ਰਾਸ ਕਰੇਂਦਾ
ਬਿੰਦਰਾਬਨ ਦੀਆਂ ਗੋਪੀਆਂ ਸੰਗ



Sri Satguru Jagjit Singh Ji eLibrary NamdhariElibrary@gmail.com

ਕੇਲ ਕਰੇਂਦੇ ਪਰੇਮ ਖਿਡੇਂਦਾ।
ਪਰੇਮ ਸਮਾਗਮ ਰਚ ਰਚ ਬਹਿੰਦਾ
ਇਥੇ ਹੀ ਰਚਿਆ ਹੈ ਉਸ ਨੇ
ਨਵਾਂ ਬੈਕੁੰਠ ਇਕ ਧਾਮ!
ਵੇਖ ਨੀ ਰਾਧਾ! ਪੀ ਆਪਣੇ ਨੂੰ
ਖੜਾ ਬਨਾਂ ਵਿਚਕਾਰ।
ਜਿਥੇ ਲੌਂਗ ਤੇ ਸੰਦਲ ਭਿੰਨੀ
ਮਧੂ ਪਵਨ ਦੀ ਵਹਿੰਦੀ ਪਈ ਫ਼ੁਹਾਰ!
ਫੁਲਾਂ ਲੱਦੀਆਂ ਟਹਿਣੀਆਂ ਉਤੇ
ਲਟਕ ਰਹੀਆਂ ਜੋ ਰੰਗ-ਬਿਰੰਗੀਆਂ
ਮਧੂ ਮੱਖੀਆਂ ਦੀ ਸੁਣਦੀ ਪਈ ਗੁੰਜਾਰ।
ਸਭ ਦਿਲਾਂ ਨੂੰ ਵਿੰਨ੍ਹ ਰਹੀ ਹੈ
ਜਿਥੇ ਕੋਇਲ ਦੇ ਬਿਰਹੋਂ-ਲੱਦੇ
ਗੀਤ ਦੀ ਕੂਕ ਪੁਕਾਰ!

ਰਾਧਾ! ਚਾਰ-ਚੁਫੇਰੇ ਬਿੰਦਰਾਬਨ ਵਿਚ
ਆਈ ਬਸੰਤ ਬਹਾਰ ਜੋਬਨ-ਰੁੱਤ ਸਿਖ਼ਰਾਂ ਤੇ ਛਾਈ
ਖਿੜ ਪਈ ਸਭ ਗੁਲਜ਼ਾਰ ਤਮਲ ਫੁੱਲਾਂ ਤੋਂ ਆਏ
ਕਸਤੂਰੀ ਦੀ ਮਹਿਕਾਰ।
ਪਲਾਸ ਦੀਆਂ ਟਹਿਣੀਆਂ ਉਤੇ ਸੂਹੇ ਫ਼ੁਲ ਜੋ ਟਹਿਕਣ
ਕਾਮਦੇਵ ਦੇ ਪੋਟਿਆਂ ਸਮ ਲੱਸੇ ਸੁਨਹਿਰੀ ਭਾਅ।
ਜੋਬਨ-ਰੁੱਤ ਵਿਚ ਪਰੇਮ-ਖ਼ੁਮਾਰੀ ਦੀ ਦੇਂਦੇ ਚਿਣਗ ਜਗਾ।
ਪਰੇਮ ਸਤਏ ਦਿਲਾਂ ਦੇ ਅੰਦਰ ਭਾਂਬੜ ਦੇਣ ਮੱਘਾ!

ਨਾਗਕੇਸਰ ਦੇ ਫੁਲ ਸਗੂਫ਼ੇ ਖੇੜੇ ਵਿਚ ਭਰ ਆਏ।
ਲਹਿਰਨ ਪਏ ਹਵਾ ਦੇ ਅੰਦਰ ਜਿਵੇਂ ਸੁੰਦਰ ਨਿਸ਼ਾਨ ਸੁਨਹਿਰੀ।
ਕਾਮਦੇਵ ਦੇ ਸੁਆਗਤ ਲਈ ਹਨ, ਆਏ ਬਣ ਕੇ ਆਪ ਬਹਾਰ!
ਮਧੂ ਮੱਖੀਆਂ ਦੇ ਝੁੰਡ, ਪੰਖ ਜਿਨ੍ਹਾਂ ਦੇ ਕਾਲੇ ਚਮਕਣ
ਏਦਾਂ ਫੁਲਾਂ 'ਤੇ ਧਾਏ।
ਕਾਮਦੇਵ ਨੇ ਜਿਦਾਂ ਆਪਣੇ, ਸੋਨ-ਸੁਨਹਿਰੀ ਧਨੁਖ ਬਾਨ ਚੋਂ
ਤੀਰਾਂ ਦੇ ਮੀਂਹ ਹਨ ਵਰ੍ਹਾਏ।



Sri Satguru Jagjit Singh Ji eLibrary NamdhariElibrary@gmail.com

ਕਰਨੇ ਦੇ ਫੁੱਲ ਖਿੜ ਕੇ ਸਾਰੇ, ਖ਼ੁਸ਼ੀ ਵਿਚ ਅਪਾਰ।
ਹਸ ਰਹੇ ਨੇ ਉਨ੍ਹਾਂ ਉਤੇ, ਜਿਨ੍ਹਾਂ ਦੇ ਦਿਲਾਂ ਨੂੰ ਪਰੇਮ ਪੀੜਾਂ ਨੇ
ਹੈ ਮਲ ਰਖਿਆ, ਸਹਿਕਣ-ਤਰਸਣ ਹਾਲੀ ਵੀ
ਜਿਨ੍ਹਾਂ ਨੂੰ ਇਸ ਬਹਾਰ ਦੇ ਅੰਦਰ, ਮਿਲਿਆ ਨਹੀਂ ਪਿਆਰ!

ਕਿਉੜੇ ਦੀ ਭਿੰਨੀ-ਗੰਧ ਸਾਂਗਾਂ ਬਣ ਬਣ
ਘਾਇਲ ਪਰੇਮੀਆਂ ਦੇ ਦਿਲਾਂ ਦੇ ਉਤੇ
ਕਰਦੀ ਪਈ ਹੈ ਵਾਰ!
ਰਾਧਾ ਸਖੀ ਨੀ!
ਖਿੜ ਉਠੀ ਹੈ ਉਪਬਨ ਅੰਦਰ, ਭਰਵੀਂ ਰੁੱਤ ਬਹਾਰ।
ਉਨ੍ਹਾਂ ਦੇ ਅੰਦਰੋਂ ਮੱਘ ਮੱਘ ਉਠਦੀ, ਪਰੇਮ ਚਿੰਗਾੜੀ।
ਜਿਨ੍ਹਾਂ ਨੇ ਆਪਣੀ ਪਰੇਮ ਪੀੜਾ ਨੂੰ
ਹੈ ਕਾਬੂ ਵਿਚ ਰਖਿਆ
ਪਰ ਹੋ ਰਹੀ ਹੈ ਪਰੇਮ ਤਾਂਘ ਹੁਣ ਉਨ੍ਹਾਂ ਦੇ ਵਸੋਂ ਬਾਹਰ।
ਪਰੇਮ ਰੀਝ ਇਹ ਫੁੱਲਾਂ ਲੱਦੀ, ਆਪ-ਮੁਹਾਰੀ ਮੱਚ ਉਠੀ ਅੰਦਰ
ਹੋਈ ਵਸੋਂ ਬਾਹਰ।
ਜੋਬਨ-ਰੁੱਤ ਦੀ ਇਹ ਖ਼ੁਮਾਰੀ
ਆਪ-ਮੁਹਾਰੇ ਕਈ ਪਈ ਬੇਜ਼ਾਰ!
ਲੁਟਿਆ ਚੈਨ ਕਰਾਰ!
ਵੇਖ! ਉਹ ਅੰਬ ਦਾ ਬੂਟਾ
ਜਿਸ ਦੀ ਪ੍ਰੀਤ ਰਹੀ ਸੀ ਹੁਣ ਤਕ ਸੁਤੀ,
ਸੁੰਦਰ ਵੇਲਾਂ ਨੂੰ ਗੱਲ ਪਿਆ ਲਾਵੇ
ਆਪਣਾ ਪਰੇਮ ਜਤਾਵੇ।
ਨਵੇਂ ਪੁੰਗਰੇ ਫੁਲਾਂ ਅੰਦਰ
ਨਵੀਂ ਸੁੰਦਰਤਾ ਭਰਦਾ ਜਾਵੇ!
ਇਸ ਬਸੰਤ ਨੇ ਜੀਵਨ ਤਾਂਈਂ ਜਗਾਇਆ।
ਸਭ ਸ੍ਰਿਸ਼ਟੀ ਦੇ ਅੰਦਰ ਕਰਕੇ ਪਰੇਮ ਦਾ ਟੂਣਾ
ਸਭ ਵਿਚ ਪਰੇਮ ਦਾ ਦੀਪ ਜਗਾਇਆ।

ਰਾਧਾ ਨੀ! ਜਮਨਾ ਦੇ ਕੰਢੇ ਨੀਲੀਆਂ ਲਹਿਰਾਂ
ਜਿਥੇ ਬਨ ਵਿਚ ਸੁਤ ਉਨੀਂਦੇ, ਆਪਣਾ ਰੰਗ ਜਮਾਵਣ।
ਉਥੇ ਸ੍ਰੀ ਕ੍ਰਿਸ਼ਨ ਜੀ!
ਬਿੰਦਰਾਬਨ ਦੀਆਂ ਗੋਪੀਆਂ ਸੰਗ, ਸੁੰਦਰ ਰਾਸ ਰਚਾਵਣ!



Sri Satguru Jagjit Singh Ji eLibrary NamdhariElibrary@gmail.com

ਰਾਧਾ ਨੀ ! ਭਿੰਨੀ ਭਿੰਨੀ ਪਵਨ ਬਸੰਤੀ
ਮਸਤੀਆਂ ਵੰਡਦੀ ਜਾਵੇ।
ਕਾਮਦੇਵ ਦੇ ਸਾਹਾਂ ਸੰਗ, ਇਹ ਕਿਦਾਂ ਰਲਦੀ ਜਾਵੇ।
ਪਰੇਮ ਸਤਾਏ ਦਿਲਾਂ ਦੇ ਅੰਦਰ, ਪਰੇਮ ਦੀ ਤਾਂਘ ਜਗਾਏ !
ਕਿਉੜੇ ਦੇ ਅੱਧ ਖਿੜੇ ਸ਼ਗੂਫ਼ੇ, ਮਹਿਕਾਂ ਵੰਡਦੇ ਜਾਵਣ
ਪਰੇਮ ਨੂੰ ਹੋਰ ਅਲਸਾਵਣ !

ਰਾਧਾ ਨੀ ! ਅੰਬਾਂ ਦੇ ਬੂਟੇ
ਮਧੂ-ਮੱਖੀਆਂ ਦੀ ਸੁਣ ਕੇ ਗੂੰਜਾਰ।
ਪਰੇਮ ਨਸ਼ੇ ਵਿਚ ਝੂਮ ਨੇ ਉਠਦੇ
ਕੰਬ ਜਾਂਦਾ ਹੈ, ਉਨ੍ਹਾਂ ਦਾ ਖ਼ੁਮਾਰ।
ਕੋਇਲ ਦੀ ਬਿਰਹੋਂ-ਲੱਦੀ ਕੂਕ
ਨਿਕਲੇ ਬਣ ਬਣ ਹੂਕ।
ਵਿਛੜੇ ਪਰੇਮੀਆਂ ਦੇ ਦਿਲਾਂ ਤਾਂਈਂ
ਇਕ ਦਮ ਜਾਵੇ ਫੂਕ !
ਹੋਵਣ ਹਾਲ ਬੇਹਾਲ।
ਪਰੇਮ ਮਿਲਣ ਦੀ ਕਾਹਲ।
ਇਕਦਮ ਉਨ੍ਹਾਂ ਤਾਂਈਂ ਕਰ ਦੇਵੇ ਬੇਹਾਲ !

ਇਸ ਵਿਸ਼ਾਲ ਜੀਵਨ ਲੀਲ੍ਹਾ ਦਾ ਸੁਣ ਕੇ ਗੀਤ ਸੁਰੀਲਾ।
ਆਪਣੇ ਘਰਾਂ ਨੂੰ ਜਾਂਦੇ ਪਾਂਧੀ, ਚੁਕਣ ਪੈਰ ਫੁਰਤੀਲਾ।
ਛੇਤੀ ਮਿਲਣ ਦਾ ਹੀਲਾ।
ਤਾਂ ਜੋ ਛੇਤੀ ਜਾ ਕੇ
ਆਪਣੀ ਵਿਛੜੀ ਪ੍ਰੀਤ ਨੂੰ ਪਾ ਕੇ
ਮੁੱਕ ਜਾਵੇ ਉਡੀਕ।
ਆਪਣੇ ਪ੍ਰੇਮ ਦੇ ਮਿੱਠੇ ਘੁੱਟ ਨੂੰ
ਪੀ ਜਾਵਣ ਲਾ ਡੀਕ !

ਵੇਖ ਨੀ ਰਾਧਾ ਮੇਰੀ ਸਖੀਏ !
ਪੁੱਜ ਗਏ ਹਾਂ ਉਸ ਥਾਂ
ਜਿੱਥੋਂ ਤੱਕ ਸਕਦੇ ਹਾਂ –
ਉਸ ਦੀ ਸਾਰੀ ਲੀਲ੍ਹਾ



Sri Satguru Jagjit Singh Ji eLibrary NamdhariElibrary@gmail.com

ਕਿਵੇਂ ਉਹ ਸਜੀਲਾ
ਸੈਆਂ ਗੋਪੀਆਂ ਪਤਨੀਆਂ ਸੰਗ ਹੈ
ਰਚ ਰਿਹਾ ਅਦਭੁੱਤ ਲੀਲ੍ਹਾ!
ਨਚਦਾ ਪਿਆ ਹੈ ਨਾਚ
ਪਰੇਮ ਗੀਤ ਦਾ ਨਾਟ!

ਰਾਧਾ ਮੇਰੀ ਸਖੀ ਪਿਆਰੀ!
ਵੇਖ ਰਹੀ ਹੈ ਲੀਲ੍ਹਾ ਨਿਆਰੀ ?

ਔਹ ਖੜਾ ਉਹ ਨੀਲਾ ਰੂਪਕਾਰ।
ਅਨੰਤ ਗਗਨ ਦੇ ਹਾਰ!
ਚੰਦਨ ਲੇਪ ਕੀਤਾ ਤਨ ਉਪਰ
ਪਹਿਨ ਸੁਨਹਿਰੀ ਬਸਤਰ
ਫੁਲ ਪੱਤੀਆਂ ਦੇ ਬਨ ਦਾ ਸੁਹਜ ਅਪਾਰ
ਕੁੰਡਲ ਕੇਸਾਂ ਦੀ ਛਵ ਨਿਆਰੀ
ਲਹਿਰਨ ਵਿਚ ਹਵਾ
ਪਕੜ ਹੱਥ ਸੈਆਂ ਗੋਪੀਆਂ ਦੇ
ਰਿਹਾ ਹੈ ਨਾਚ ਨਚਾ।
ਆਤਮਾ ਵਿਚ ਜਵਾਨੀ ਲਹਿਰੇ
ਵੰਡੇ ਪਈ ਮੁਸਕਾਨ।
ਸਭ ਸ੍ਰਿਸ਼ਟੀ ਨੂੰ ਝੂਮ ਝੁਮਾਵੇ
ਵੰਡਦਾ ਪਿਆ ਹੈ ਤ੍ਰਾਣ।
ਜੀਵਨ ਦੀਆਂ ਨਾੜੀਆਂ ਅੰਦਰ
ਭਰਦਾ ਰੁੱਤ ਨਵੀਂ!
ਫ਼ੁਲਾਂ ਵਿਚ ਦਰਸ ਨੂੰ ਪੀ ਕੇ
ਮਚੇ ਖ਼ੁਸ਼ੀ ਨਵੀਂ!
ਪਿਛੋਂ ਆ ਪਤਨੀ ਇਕ ਉਸਦੀ
ਜੱਫੀ ਵਿਚ ਘੁੱਟ ਲੀਤਾ।
ਜੋਬਨ ਰੁੱਤ ਦੀ ਮਸਤੀ ਅੰਦਰ
ਪਰੇਮ ਸ਼ਾਂਤ ਹੈ ਕੀਤਾ।
ਪਰੇਮ ਗੀਤ ਦਾ ਨਵਾਂ ਹਿਲੋਰਾ
ਮਸਤੀ ਅਪਰੰਮਪਾਰ।



Sri Satguru Jagjit Singh Ji eLibrary NamdhariElibrary@gmail.com

ਆਪਣੀ ਛਾਤੀ ਵਿਚਲਾ ਉਸ ਨੇ
ਕੀਤਾ ਠੰਢ ਪਿਆਰ !
ਮਧੂ ਸੂਦਨ ਦੀ ਪਰੇਮ ਤਰੰਗ ਨੂੰ
ਵੇਖ ਦੇ ਦੂਜੀ ਪਿਘਲੀ
ਸੁੰਦਰ ਮੁੱਖ ਵੱਲ ਤੱਕੀ ਜਾਵੇ
ਝਲ ਮਸਤਾਨੀ ਪਗਲੀ।
ਤੀਜੀ ਹੋਰ ਛਨਾਰ
ਬੋਲਣ ਦਾ ਬਹਾਨਾ ਕਰਕੇ
ਲਗੀ ਕਰਨ ਕਲੋਲ।
ਅੱਖ ਬਚਾ ਕੇ ਚੁੰਮਣ ਲੈ ਗਈ
ਆਈ ਜਦ ਸੀ ਕੋਲ।
ਪਰੇਮ ਰੰਗ ਵਿਚ ਖੀਵੀ ਹੋ ਗਈ
ਖਿੜੀ ਵਿਚ ਵਿਸਮਾਦ
ਰੋਮ ਰੋਮ ਵਿਚ ਕਾਂਬਾ ਛਿੜਿਆ
ਐਸਾ ਇਕ ਹੁਲਾਰ।
ਮੁਖੱੜਾ ਉਸ ਦਾ ਭੱਖ ਉਠਿਆ ਸੀ
ਇਸ ਪਰੇਮ ਦੀ ਤਾਰ !
ਉਸ ਦੇ ਪਰੇਮ ਦੇ ਸੁਪਨਿਆਂ ਉਤੇ
ਛਾਏ ਰੰਗ ਹਜ਼ਾਰ।
ਦੈਵੀ ਸੁੰਦਰਤਾ ਦੇ ਬੱਦਲ
ਘੁੰਮਦੇ ਚੱਕਰ ਮਾਰ।
ਕੈਸਾ ਅਦਭੁਤ ਤੇ ਦੈਵੀ ਸੀ
ਸਖੀਏ ਉਸ ਦਾ ਪਿਆਰ !
ਫਿਰ ਇਕ ਹੋਰ ਆਈ ਹੈ ਗੋਪੀ
ਫੜ ਕੇ ਹੱਥ ਉਸ ਸੋਹਲ ਪ੍ਰੀਤਮ ਦਾ
ਲੈ ਚੱਲੀ ਹੈ ਯਮਨਾ ਦੇ ਵਿਚਕਾਰ।
ਪਾਣੀ ਦੀਆਂ ਲਹਿਰਾਂ ਦੇ ਅੰਦਰ
ਉਸ ਨੇ ਤਾਣ ਲਿਆ ਹੈ ਉਪਰ
ਆਪਣਾ ਰੇਸ਼ਮੀ ਸ਼ਾਲ !
ਵੇਖ ਨੀ ਰਾਧਾ ਸਖੀਏ ਪਿਆਰੀ !
ਖੜਾ ਹੈ ਉਹ ਸੋਹਣਾ ਮਨਮੋਹਣ
ਕਦੰਬ ਬ੍ਰਿਛ ਦੇ ਹੇਠ



Sri Satguru Jagjit Singh Ji eLibrary NamdhariElibrary@gmail.com

ਖੜਾ ਜੋ ਨਦੀ ਕਿਨਾਰੇ
ਹੋਠਾਂ ਉਤੇ ਬੰਸੀ ਸੋਹੇ
ਗੂੰਜਿਆ ਮਧੁਰ ਸੰਗੀਤ
ਜਿਸ ਦੀ ਲੈਅ ਤੇ ਨਾਚ ਛੇੜਿਆ
ਸਭ ਗੋਪੀਆਂ ਇਕਸਾਰ !
ਤਾਲ ਉਹਦੇ ਤੇ ਨਚਣ ਲਗੀਆਂ
ਬਿੰਦਰਾਬਨ ਦੀਆਂ ਸੁੰਦਰ ਨਾਰਾਂ
ਕ੍ਰਿਸ਼ਨ ਵਹੁਟੀਆਂ, ਸਭ ਮਿੱਟੀ ਦੇ ਪੁਤਲੇ,
ਸਗਲ ਸ੍ਰਿਸ਼ਟੀ ਨਚ ਰਹੀ ਹੈ
ਉਸ ਦੀ ਸੁਣ ਕੇ ਤਾਨ।
ਰਾਧਾ ਸਖੀ ! ਕਿਉਂ ਹੋਵੇ ਹੈਰਾਨ ?
ਗੋਪੀਆਂ ਦੀਆਂ ਚੂੜੀਆਂ ਛਣਕਣ
ਨਿਕਲੇ ਮਿੱਠਾ ਰਾਗ;
ਜਦ ਉਹ ਨਾਚ ਦੀ ਤਾਲਗਤੀ ਤੇ
ਚੁਕਣ ਆਪਣੀਆਂ ਬਾਹਾਂ
ਅੰਗ ਉਨ੍ਹਾਂ ਦੇ ਕੋਮਲ ਕੋਮਲ
ਸੁੰਦਰ ਸੁੰਦਰ ਬਸਤਰ
ਨਚਣ ਸਾਰੇ ਇਕ ਤਾਲ ਵਿਚ ਇਕਸੁਰ ਹੋਏ
ਐਸਾ ਹੈ ਜੋ ਨਾਚ
ਜਿਸ ਦੀ ਹੋਂਦ ਹੈ ਸੁਪਨੇ-ਮਾਤਰ
ਉਸ ਬੰਸੀ ਦੀ ਤਾਲ ਤੇ ਨਚਦਾ ਪਿਆ ਹੈ
ਬਿੰਦਰਾਬਨ ਸਾਰਾ
ਸਗਲ ਸ੍ਰਿਸ਼ਟੀ ਦੀ ਹਰ ਸ਼ੈਅ
ਨਚੇ ਮਸਤੀ ਨਾਲ।
ਕੈਸਾ ਪਰੇਮ ਅਨੁਰਾਗ !
ਗੋਪੀਆਂ ਦੇ ਨਾਚ ਨੂੰ ਵੇਖੇ
ਪੂਰਨਤਾ ਨੂੰ ਪਿਆ ਨਿਹਾਰੇ।
ਹਸ ਹਸ ਕੇ ਉਤਸ਼ਾਹ ਵਧਾਵੇ
ਨਾਚ ਉਨ੍ਹਾਂ ਦਾ ਪਿਆ ਸਲਾਹੇ
ਅੰਗਾਂ ਦੀ ਪੂਰਨਤਾ ਤਾਂਈਂ
ਨਾਚ ਦੇ ਕਮਾਲ ਨੂੰ ਤੱਕੇ।
ਵੇਖ ਰਾਧਾ ਨੀ ਸਖੀ ਪਿਆਰੀ



Sri Satguru Jagjit Singh Ji eLibrary NamdhariElibrary@gmail.com

ਉਸ ਦੇ ਪਰੇਮ ਗੀਤ ਦੀ ਲੀਲ੍ਹਾ
ਸਭ ਗੋਪੀਆਂ ਤਾਂਈਂ ਨਚਾਵੇ !
ਆਪ ਵੀ ਉਹ ਉਨ੍ਹਾਂ ਸੰਗ ਨਚੇ
ਨਚੇ ਤੇ ਮਸਤ ਹੋ ਜਾਵੇ।
ਕਦੀ ਕਿਸੇ ਤਾਂਈ ਬੁਲਾਵੇ
ਦੂਜੀ ਨੂੰ ਫਿਰ ਲਵੇ ਕਲਾਵੇ।
ਤੀਜੀ ਦੇ ਮੁੱਖੜੇ ਨੂੰ ਚੁੰਮੇ
ਚੌਥੀ ਦੇ ਸੰਗ ਨਚਦਾ ਜਾਵੇ।
ਇਕ ਸੁੰਦਰ ਗੋਪੀ ਦੇ ਤਾਂਈਂ ਪਿਆ ਬੁਲਾਂਦਾ
ਦੂਜੀ ਦੇ ਸੰਗ ਨਚਦਾ ਜਾਂਦਾ !
ਕਿਉਂ ਸਖੀ ਰਾਧਾ ਨੀ ਪਿਆਰੀ
ਕੈਸੀ ਲੀਲ੍ਹਾ ਹੈ ਇਹ ਨਿਆਰੀ ?
ਉਸ ਦੇ ਪਰੇਮ ਗੀਤ ਦੀ ਮਸਤੀ
ਬੰਨ ਲੀਤੀ ਹੈ ਸਗਲ ਸ੍ਰਿਸ਼ਟੀ।
ਉਸ ਦੇ ਅੰਗ ਸੁਅੰਗੇ ਕੋਮਲ
ਨੀਲੇ ਕੰਵਲ ਸਮਾਨ।
ਸੁੰਦਰ ਤੇ ਅਦਭੁੱਤ ਹੈ ਜਿਨ੍ਹਾਂ ਦੀ ਸ਼ਾਨ।
ਰਚਿਆ ਉਸ ਨੇ
ਕਾਮਦੇਵ ਦਾ ਉਤਸਵ ਇਹ ਮਹਾਨ।
ਸਭ ਗੋਪੀਆਂ ਦੇ ਹਿਰਦੇ ਅੰਦਰ
ਭਰ ਦਿਤਾ ਹੈ ਜਿਸ ਨੇ ਪਰੇਮ ਅਪਾਰ।
ਇਕੋ ਪਰੇਮ ਅਲਿੰਗਣ ਅੰਦਰ
ਬੰਨ ਲਿਆ ਹੈ ਉਸ ਨੇ ਸਗਲ ਸੰਸਾਰ।
ਕਿਉਂ ਸਖੀ ਰਾਧਾ ਕੈਸੀ ਪਰੇਮ ਦੀ ਲੀਲ੍ਹਾ ?
ਖਿੜੀ ਹੋਵੇ ਜਦ ਐਸੀ ਰੁੱਤ ਬਹਾਰ !



Sri Satguru Jagjit Singh Ji eLibrary NamdhariElibrary@gmail.com

## ਦੋ

(ਇਕ ਛਾਂ ਦਾਰ ਕੁੰਜ (ਰਾਧਾ ਨਾਚ ਵਿਚ ਸ਼ਾਮਲ ਨਹੀਂ ਹੁੰਦੀ) ਉਹ ਕ੍ਰਿਸ਼ਨ ਜੀ ਦੀ ਇਸ ਪੇਰਮ ਦੀ ਖੁਲ੍ਹ ਖੇਡ ਉਤੇ ਨਾਰਾਜ਼ ਹੋ ਜਾਂਦੀ ਹੈ ਅਤੇ ਹੋਰ ਡੂੰਘੀ ਛਾਂ ਵਿਚ ਜਾ ਕੇ ਧਿਆਨ-ਮਗਨ ਬੈਠ ਜਾਂਦੀ ਹੈ)

ਰਾਧਾ : ਇਸ ਬਨ ਅੰਦਰ ਮੈਂ
ਆਪਣੇ ਪ੍ਰੀਤਮ ਤਾਂਈਂ ਅਰਾਧਾਂ!
ਮਿੱਠੇ ਉਸ ਦੇ ਹੋਂਠ ਪਿਆਰੇ,
ਕਿਵੇਂ ਨਿਕਲੇ ਉਨ੍ਹਾਂ ਵਿਚੋਂ ਮਿੱਠੜਾ ਇਕ ਸੰਗੀਤ।
ਵੇਖਾਂ ਉਸ ਦੀ ਬੰਸੀ ਪਿਆਰੀ
ਹੋਠਾਂ ਉਤੇ ਉਸ ਨੇ ਰਖੀ
ਬੰਸੀ ਉਤੇ ਉਂਗਲਾਂ ਨਚਣ
ਉਸ ਦੇ ਹਿਲਦੇ ਹੋਂਠ
ਮੇਰੇ ਹੋਂਠਾਂ ਨੂੰ ਆ ਛੂਹਣ!
ਉਸ ਦੀਆਂ ਉਂਗਲਾਂ ਦੀ ਛੁਹ ਪਿਆਰੀ
ਮੇਰੇ ਦਿਲ ਨੂੰ ਛੂਹੇ!
ਬੰਸੀ ਵੀ ਉਸ ਦੀ ਹਿਲਦੀ
ਬੁਲ ਵੀ ਹਿਲਦੇ।
ਹਿਲਣ ਕੇਸਾਂ ਦੇ ਕੰਡਲ ਵੀ
ਲਗਦੇ ਕਿੰਨੇ ਪਿਆਰੇ।
ਕੰਨਾਂ ਦੇ ਵਾਲੇ ਵੀ ਹਿਲਣ
ਮੱਥਾ ਹਿਲੇ ਬੁਲਾਂ ਦੇ ਨਾਲ
ਅੱਖਾਂ ਹਸਣ ਤੇ ਖੁਸ਼ ਹੋਵਣ
ਨਚੇ ਤਾਲ 'ਚ ਉਸ ਦਾ ਸਰਬ ਸਰੀਰ!

ਮੈਂ ਉਸੇ ਨੂੰ ਪਈ ਚਿਤਵਾਂ
ਧਰਦੀ ਉਸ ਦਾ ਧਿਆਨ।
ਜੋ ਹੈ ਪੂਰਨਤਾ ਦਾ ਰੂਪ
ਨਚੇ ਸੰਗ ਸੈਆਂ ਗੋਪੀਆਂ
ਜੋ ਹਨ ਉਸ ਦੀਆਂ ਨਾਰਾਂ



Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਦੀ ਪ੍ਰੀਤ ਨੇ ਉਨ੍ਹਾਂ ਨੂੰ ਹੈ ਬਾਵਰਾ ਕੀਤਾ।
ਉਹ ਹੈ ਮੇਰਾ ਪਿਆਰਾ ਕ੍ਰਿਸ਼ਨ ਭਗਵਾਨ।
ਧਰਾਂ ਮੈਂ ਉਸੇ ਦਾ ਹੀ ਧਿਆਨ।

ਧਰਾਂ ਮੈਂ ਉਸ ਦਾ ਧਿਆਨ
ਜਿਸ ਦਾ ਤਨ ਹੈ ਉਦੈ ਮੇਘ ਸਮਾਨ।
ਇੰਦਰ-ਧਨੁਸ਼ ਦੇ ਹਾਰ ਜਿਸ ਦੀ ਆਭਾ
ਮੋਰ ਪੰਖ ਦਾ ਮੁਕਟ ਸਜਾਇਆ
ਸੈਅ ਚੰਨਾਂ ਤੋਂ ਸੁਹਣੀ ਜਿਸ ਦੀ ਸ਼ਾਨ।

ਧਰਾਂ ਮੈਂ ਉਸ ਦਾ ਧਿਆਨ
ਬਿੰਦਰਾਬਨ ਦੀਆਂ ਸੈਆਂ ਨਾਰਾਂ ਨੂੰ
ਚੁੰਮਣ ਦਾ ਜੋ ਲੋਭੀ
ਜਿਸ ਦੀ ਮੁਸਕਾਨ 'ਚ ਸੋਹੇ
ਸੁੰਦਰ ਰੱਬੀ ਸ਼ਾਨ!

ਧਰਾਂ ਮੈਂ ਉਸ ਦਾ ਧਿਆਨ
ਜਿਸ ਦਾ ਪਰੇਮ ਅਲਿੰਗਣ
ਸੈਅ ਗੋਪੀਆਂ ਨੂੰ ਬੰਨ ਹੈ ਲੈਂਦਾ
ਆਪਣੇ ਵਿਚ ਪਿਆਰ।
ਜਿਸ ਦੇ ਅੰਗਾਂ ਦੇ ਮੋਤੀਆਂ ਨੇ
ਸੁਹਣ ਜੋ ਉਸ ਦੇ ਹੱਥਾਂ, ਪੈਰਾਂ ਤੇ ਕਲਾਈਆਂ ਉਤੇ
ਮੇਰੇ ਦਿਲ ਦਾ ਮੇਟ ਦਿਤਾ ਅੰਧਕਾਰ।
ਧਰਾਂ ਮੈਂ ਉਸੇ ਕ੍ਰਿਸ਼ਨ ਦਾ ਧਿਆਨ!

ਧਰਾਂ ਮੈਂ ਉਸ ਦਾ ਧਿਆਨ
ਜਿਸ ਨੇ ਮਸਤਕ ਉਤੇ ਸੰਦਲ ਤਿਲਕ ਲਗਾਇਆ
ਜਿਸ ਦੀ ਹੈ ਚੰਨ ਤੋਂ ਵੀ ਵਧ ਸ਼ਾਨ
ਜਿਸ ਦਾ ਪਰੇਮ ਸ਼ੈਆਂ ਨਾਰਾਂ ਦੀ
ਛਾਤੀ ਦੇ ਵਿਚ ਧੜਕੇ
ਜਿਸ ਦੀ ਮੂਰਤ ਹਰ ਹਿਰਦੇ ਵਿਚ ਵਸੇ
ਜਿਸ ਦੀ ਛੁਹ ਭਰ ਦੇਂਦੀ ਹੈ ਜੀਵਨ ਅੰਦਰ
ਜਜ਼ਬਾ ਇਕ ਮਹਾਨ।
ਧਰਾਂ ਮੈਂ ਉਸੇ ਕ੍ਰਿਸ਼ਨ ਦਾ ਧਿਆਨ।



Sri Satguru Jagjit Singh Ji eLibrary NamdhariElibrary@gmail.com

ਧਰਾਂ ਮੈਂ ਉਸ ਦਾ ਧਿਆਨ
ਜਿਸ ਦੀ ਸੁੰਦਰਤਾ ਨੇ ਮੇਰੇ ਮਨ ਨੂੰ ਮੋਹਿਆ।
ਜਿਸ ਦੇ ਤਨ ਵਿਚ ਕਾਮਦੇਵ ਦਾ ਵਾਸਾ।
ਜਿਸ ਦੇ ਕੇਸਾਂ ਦੇ ਕੁੰਡਲ ਨਿਤ ਪਏ ਹਿਲਦੇ ਰਹਿੰਦੇ।
ਜਿਸ ਨੇ ਪਹਿਨਿਆਂ ਬਾਣਾ ਸੋਨ ਸੁਨਹਿਰੀ।
ਜਿਸ ਦੀ ਮਿੱਠੀ ਛਾਂਵੇ ਕਰਦੇ ਪਏ ਆਰਾਮ
ਮਾਨਵ ਅਤੇ ਦੇਵਤੇ ਦੋਵੇਂ।
ਜਿਸ ਦੀ ਵਡੀ ਸ਼ਾਨ,
ਦਯਾਵਾਨ ਤੇ ਸੁੰਦਰ ਪ੍ਰੀਤਮ
ਧਰਾਂ ਮੈਂ ਉਸ ਦਾ ਧਿਆਨ
ਜੋ ਹੈ ਮੇਰੇ ਸਿਰ ਦਾ ਸਾਂਈਂ,
ਮੇਰਾ ਕ੍ਰਿਸ਼ਨ ਭਗਵਾਨ!

ਧਰਾਂ ਮੈਂ ਉਸ ਦਾ ਧਿਆਨ
ਪਵਿੱਤਰ ਕਦੰਬ ਬ੍ਰਿਛ ਦੇ ਹੇਠਾਂ
ਜੋ ਮੈਨੂੰ ਸੀ ਮਿਲਿਆ।
ਜਿਸ ਨੂੰ ਮਿਲ ਕੇ ਕਲਯੁਗ ਵਾਲੇ ਸਭ ਅੰਦੇਸ਼ੇ
ਹੋਏ ਮੇਰੇ ਦੂਰ।
ਜਿਸ ਦੀ ਇਕ ਪਰੇਮ ਦੀ ਤੱਕਣੀ
ਮੈਨੂੰ ਆਪਣੇ ਪਰੇਮ ਜਾਲ ਵਿਚ ਬੰਨ ਬਹਾਇਆ
ਭਾਵੇਂ ਮੈਂ ਹਾਂ ਉਸ ਤੋਂ ਦੂਰ ਤੇ ਵਖਰੀ।
ਫਿਰ ਵੀ ਉਸ ਸੰਗ ਜੁੜ ਗਈ ਹਾਂ
ਵਿਚ ਸੰਯੋਗ ਸਦੀਵੀ!

(ਸਖੀ ਦਾ ਪ੍ਰਵੇਸ਼। ਰਾਧਾ ਉਸ ਨੂੰ ਸੰਬੋਧਨ ਕਰਦੀ ਹੈ।)

ਸਖੀ ਨੀ! ਮੈਨੂੰ ਪੀਆ ਕੋਲ ਲੈ ਚਲ
ਉਸ ਮੋਹਨ ਕੋਲ ਲੈ ਚਲ!
ਪਰੇਮ ਮਿਲਣੀਆਂ ਜੋ ਹੈ ਕਰਦਾ
ਗੁਪਤ-ਕੁੰਜਾਂ ਵਿਚਕਾਰ।
ਜਿਸ ਨੇ ਮਾਣ ਲਿਆ ਹੈ ਰਜ ਕੇ
ਨਾਚਾਂ ਦਾ ਹੁਲਾਰ।
ਇਸ ਕੁੰਜ-ਗੁਫਾਂ 'ਚੋਂ ਸਖੀ
ਲੈ ਚਲ ਮੈਨੂੰ ਬਾਹਰ।
ਪੱਤੇ ਵੇਲਾਂ ਇਸ ਨੰਦਨ-ਬਨ ਦੇ



Sri Satguru Jagjit Singh Ji eLibrary NamdhariElibrary@gmail.com

ਪਾਉਂਦੇ ਰੋਕ ਹਜ਼ਾਰ।
ਸਖੀ ਨੀ! ਦਿਸੇ ਨਾ ਮੈਨੂੰ ਪਿਆਰ!
ਸਖੀ ਨੀ! ਮੰਨ ਲੈ ਮੇਰੀ ਗੱਲ
ਸਖੀ ਨੀ! ਮੈਨੂੰ ਪੀਆ ਕੋਲ ਲੈ ਚਲ!
ਉਸ ਦੇ ਪਰੇਮ 'ਚ ਸਖੀਏ ਨੀ ਮੈਂ
ਹੋ ਗਈ ਹਾਂ ਦੀਵਾਨੀ।
ਚਾਰ ਚੁਫੇਰੇ ਭਾਲਾਂ ਉਸ ਨੂੰ
ਬਉਰੀ ਤੇ ਮਸਤਾਨੀ।
ਕੰਬ ਰਿਹਾ ਹੈ ਇਹ ਤਨ ਮੇਰਾ
ਉਸ ਦੇ ਵਿਚ ਵਿਯੋਗ।
ਸਖੀਏ! ਕਿੰਝ ਹੋਵੇ ਸੰਯੋਗ!
ਹੁਣ ਤਾਂ ਮੈਂ ਰਹਿ ਨਾ ਸਕਾਂ
ਉਸ ਤੋਂ ਬਿਨ ਇਕ ਪਲ
ਸਖੀ ਨੀ! ਮੈਨੂੰ ਪੀਆ ਕੋਲ ਲੈ ਚਲ!

ਸਖੀ ਨੀ! ਲੈ ਆ ਉਸ ਨੂੰ ਮੇਰੇ ਕੋਲ!
ਪਰਮ ਸੁੰਦਰਤਾ ਉਸ ਸੁੰਦਰ ਦੀ
ਨਿਰਬਸਤਰ ਕਰ ਦੇਵੇ।
ਜਿਸ ਦੀ ਯਾਦ 'ਚ ਗੀਤ ਦਿਲੇ ਦੇ
ਹੋਵਣ ਹੋਰ ਵੀ ਪਿਆਰੇ।
ਮਿੱਠੇ ਵਾਂਗ ਛੁਹਾਰੇ।
ਇਕ ਤੱਕਣੀ ਵਿਚ ਜੋ ਹੈ ਮੈਨੂੰ
ਆਪਣੇ ਕੋਲ ਲਿਜਾਂਦਾ।
ਉਸੇ ਪਲ ਉਹ ਮੇਰੇ ਹਿਰਦੇ ਅੰਦਰ ਆ ਸਮਾਂਦਾ।
ਜਿਸ ਨੇ ਮੈਨੂੰ ਵਰ ਲੀਤਾ ਹੈ
ਬਿਨਾਂ ਕਿਸੇ ਮਰਿਆਦਾ।
ਹਰ ਮਿਲਣੀ ਵਿਚ ਨਵੇਂ ਵਿਆਹ ਦਾ
ਰਸ ਹੈ ਅਸਾਂ ਸਿੰਞਾਤਾ।
ਉਸੇ ਕ੍ਰਿਸ਼ਨ ਦਾ ਧਰ ਰਹੀ ਹਾਂ
ਇਸ ਵੇਲੇ ਮੈਂ ਧਿਆਨ
ਖੜਾ ਜੋ ਕਦੰਬ ਦੇ ਹੇਠਾਂ, ਹੈ ਇਕਲਾ।
ਵੇਖਾਂ ਜਾ ਸਖੀ! ਉਸ ਨੂੰ ਇਥੋਂ ਚਲ।
ਸਖੀ ਨੀ! ਮੈਨੂੰ ਪੀਆ ਦੇ ਕੋਲ ਲੈ ਚਲ।



Sri Satguru Jagjit Singh Ji eLibrary NamdhariElibrary@gmail.com

ਸਖੀਏ ਨੀ! ਕੀ ਕਰਾਂ ਮੈਂ
ਦਸ ਕਿਧਰ ਨੂੰ ਜਾਵਾਂ?
ਮਨ ਮੇਰਾ ਇਹ ਮੈਥੋਂ ਨਸ ਕੇ
ਉਸ ਦੇ ਪਿਛੇ ਜਾਵੇ।
ਜਿਹੜਾ ਸੈਅ ਨਾਰਾਂ ਸੰਗ ਨਚਦਾ
ਰਾਸਾਂ ਪਿਆ ਰਚਾਵੇ।
ਕੀ ਕਰਾਂ ਮੈਂ ਸਖੀਏ?
ਮੈਥੋਂ ਉਸ ਬਿਨ ਰਿਹਾ ਨਾ ਜਾਵੇ।
ਮੈ ਨਾ ਸਖੀ ਉਸ ਦੇ ਅੰਦਰ
ਕੋਈ ਵੀ ਦੋਸ਼ ਪਛਾਣਾਂ
ਪਰਮ ਸੁੰਦਰਤਾ ਨੇ ਮੋਹ ਰਖਿਆ
ਹੋਰ ਕੁਝ ਨਾ ਜਾਣਾਂ।
ਸਖੀ ਨੀ! ਕਿਦਾਂ ਦਿਲ ਦੀ
ਗੱਲ ਤੈਨੂੰ ਸੁਣਾਵਾਂ?
ਜੇ ਮੈਂ ਹੋ ਕੇ ਕਦੀ ਮਗਰੂਰ
ਉਸ ਤੋਂ ਮੂੰਹ ਭੁਆਵਾਂ।
ਫਿਰ ਵੀ ਕੁਝ ਵਸ ਨਾ ਚਲੇ
ਉਸੇ ਵਲ ਮਨ ਲਾਵਾਂ।
ਸਖੀ ਨੀ ਹੁਣ ਹੋਰ ਮੈਥੋਂ
ਇਥੇ ਰਿਹਾ ਨਾ ਜਾਵੇ!
ਮੈਨੂੰ ਉਸੇ ਕੋਲ ਲੈ ਚਲ।
ਪਰਮ ਸੁੰਦਰਤਾ ਜਿਸ ਦੀ ਅਗੇ
ਸਭ ਕੁਝ ਆਪਣਾ ਅਰਪਨ ਕੀਤਾ
ਸਦਾ ਲਈ ਮੈਂ ਉਸ ਦੀ ਹੋਈ
ਜਿਸ ਨੇ ਮਨ ਹਰ ਲੀਤਾ।
ਸਖੀ ਨੀ! ਮੰਨ ਲੈ ਮੇਰੀ ਗੱਲ!
ਮੈਨੂੰ ਮੇਰੇ ਉਸ ਚਿਤ ਚੋਰ
ਮੋਹਣ ਕੋਲ ਲੈ ਚਲ!
ਕ੍ਰਿਸ਼ਨ ਕੋਲ ਲੈ ਚਲ!
ਸਖੀ ਨੀ! ਮੈਨੂੰ ਪੀਆ ਕੋਲ ਲੈ ਚਲ!

ਸਖੀ ਨੀ! ਉਸ ਨੂੰ ਮੇਰੇ ਕੋਲ ਲਿਆਉ
ਜਿਸ ਨੇ ਆਪਣੀਆਂ ਬਾਹਾਂ ਅੰਦਰ



Sri Satguru Jagjit Singh Ji eLibrary NamdhariElibrary@gmail.com

ਮੈਨੂੰ ਫੜ ਘੁਟ ਰੱਖਿਆ
ਬਨ ਪੱਤਿਆਂ ਦੀ ਸੇਜਾਂ ਉਪਰ
ਜਦ ਮੈਂ ਪਰੇਮ ਲਪੇਟੀ,
ਮੁੱਖੜਾ ਮੇਰਾ ਚੁੰਮਿਆ,
ਆਪਣੀ ਛਾਤੀ ਉਸ ਸੋਹਣੇ ਨੇ
ਮੇਰੇ ਸੰਗ ਟਿਕਾਈ।
ਪਰੇਮ ਨਸ਼ੇ ਵਿਚ ਜੁਗੜੇ ਬੀਤੇ
ਪਾਇਆ ਸੁੱਖ ਆਰਾਮ।
ਜਿਸ ਨੇ ਮੇਰੇ ਹੋਠਾਂ ਦੀ ਸ਼ਰਧਾ ਨੂੰ
ਰਜ ਰਜ ਪੀਤਾ।
ਸਖੀ ਨੀ! ਮੰਨ ਲੈ ਮੇਰੀ ਗੱਲ!
ਮੈਨੂੰ ਮੇਰੇ ਉਸ ਚਿਤ ਚੋਰ
ਮੋਹਣ ਕੋਲ ਲੈ ਚਲ!
ਕ੍ਰਿਸ਼ਨ ਕੋਲ ਲੈ ਚਲ!
ਸਖੀ ਨੀ! ਮੈਨੂੰ ਪੀਆ ਕੋਲ ਲੈ ਚਲ!

ਸਖੀ ਨੀ! ਮੈਨੂੰ ਪੀਆ ਕੋਲ ਲੈ ਚਲ!
ਜਿਸ ਦਾ ਮੁਖੜਾ ਭਖ ਉਠਿਆ ਹੈ
ਮਿੱਠੇ ਵਿਚ ਅਨੁਰਾਗ
ਨੈਣਾਂ ਵਿਚ ਮਸਤੀ ਦਾ ਰੰਗ ਹੈ
ਚਮਕਣ ਵਿਚ ਖ਼ੁਮਾਰ।
ਨਚ ਨਚ ਕੇ ਤਨ ਜਿਸ ਦਾ ਭਿਜਾ
ਮਿੱਠੇ ਵਿਚ ਹੁਲਾਸ।
ਸਖੀ ਨੀ! ਮਨ ਲੈ ਮੇਰੀ ਗੱਲ!
ਮੈਨੂੰ ਮੇਰੇ ਉਸ ਚਿਤ ਚੋਰ
ਮੋਹਣ ਕੋਲ ਲੈ ਚਲ!
ਕ੍ਰਿਸ਼ਨ ਕੋਲ ਲੈ ਚਲ!
ਸਖੀ ਨੀ! ਮੈਨੂੰ ਪੀਆ ਕੋਲ ਲੈ ਚਲ!

ਸਖੀ ਨੀ! ਮੈਂ ਕੇਸ ਫ਼ੁਲਾਂ ਨਾਲ ਸ਼ਿੰਗਾਰੇ!
ਮੇਰੇ ਬੋਲ ਅਤਿ ਮਿਠੜੇ ਕੋਮਲ
ਕੋਇਲ ਦੇ ਬੋਲ ਸਮਾਨ।



Sri Satguru Jagjit Singh Ji eLibrary NamdhariElibrary@gmail.com

ਉਸ ਦੇ ਪੋਟੇ ਪਰੇਮ-ਵਿਗੁਤੇ
ਛੇੜਨ ਮੇਰੇ ਸੀਨੇ,
ਗੁਝਾ ਪਰੇਮ ਜਗਾਣ।
ਲੂੰ ਲੂੰ ਮੇਰੇ ਰਚ ਗਿਆ ਹੈ
ਉਸ ਦਾ ਪਰੇਮ ਸੰਯੋਗ।
ਸਖੀ ਸਹਿ ਨ ਸਕਾਂ ਹੁਣ
ਉਸ ਦਾ ਹੋਰ ਵਿਯੋਗ।
ਸਖੀ ਨੀ, ਮੇਰੀ ਅਤਿ ਪਿਆਰੀ
ਮਨ ਲੈ ਮੇਰੀ ਗੱਲ!
ਮੈਨੂੰ ਮੇਰੇ ਉਸ ਚਿਤ ਚੋਰ
ਮੋਹਣ ਕੋਲ ਲੈ ਚਲ।
ਕ੍ਰਿਸ਼ਨ ਕੋਲ ਲੈ ਚਲ।
ਸਖੀ ਨੀ! ਮੈਨੂੰ ਪੀਆ ਕੋਲ ਲੈ ਚਲ।

ਸਖੀ ਨੀ! ਮੇਰੇ ਪੈਰਾਂ ਅੰਦਰ
ਝਾਂਜਰ ਛਣ ਛਣ ਕਰਦੀ,
ਮੇਰੇ ਲਕ ਦੁਆਲੇ ਬੋਰ ਚਾਂਦੀ ਦੇ ਛਣਕਣ,
ਪਰੇਮ ਅਲਿੰਗਣ ਉਸ ਪ੍ਰੀਤਮ ਦੇ
ਅੰਦਰ ਮੈਂ ਘੁੱਟ ਸਮਾਵਾਂ।
ਮਿੱਠੇ ਨਸ਼ੇ ਇਸ ਪਰੇਮ ਦੇ
ਉਸ ਨੇ ਟੂਣਾ ਕੀਤਾ।
ਫਿਰ ਉਸ ਪਰੇਮ ਨਸ਼ੇ ਵਿਚ
ਮੁੱਖ ਮੇਰਾ ਚੁੰਮ ਲੀਤਾ।
ਸਭ ਕੁਝ ਘਟਦਾ ਵੇਖਾਂ
ਸਖੀਏ ਆਪਣੇ ਵਿਚ ਧਿਆਨ!
ਸਖੀ ਨੀ! ਮੰਨ ਲੈ ਮੇਰੀ ਗੱਲ
ਮੈਨੂੰ ਮੇਰੇ ਉਸ ਚਿਤ ਚੋਰ
ਮੋਹਣ ਕੋਲ ਲੈ ਚਲ।
ਕ੍ਰਿਸ਼ਨ ਕੋਲ ਲੈ ਚਲ।
ਸਖੀ ਨੀ! ਮੈਨੂੰ ਪੀਆ ਕੋਲ ਲੈ ਚਲ।



Sri Satguru Jagjit Singh Ji eLibrary NamdhariElibrary@gmail.com

# ਤਿੰਨ

(ਉਪਬਨ ਦਾ ਹੋਰ ਭਾਗ। ਰਾਧਾ ਦੀ ਅਰਾਧਨਾ ਤੇ ਪਰੇਮ ਪੀੜਾ ਕ੍ਰਿਸ਼ਨ ਜੀ ਦੇ ਹਿਰਦੇ ਨੂੰ ਧੂਹ ਪਾਉਂਦੇ ਹਨ, ਜੋ ਨਾਚ ਨੂੰ ਵਿਚਕਾਰ ਛੱਡ ਕੇ ਰਾਧਾ ਨੂੰ ਬਨ ਵਿਚ ਲਭ ਰਹੇ ਹਨ। ਪਰ ਰਾਧਾ ਨੂੰ ਕਿਤੇ ਵੀ ਨਾ ਵੇਖ ਕੇ ਉਹ ਇਕ ਬ੍ਰਿਛ ਹੇਠ ਬੈਠ ਜਾਂਦੇ ਹਨ।)

ਕ੍ਰਿਸ਼ਨ : ਮੈਂ ਆਪਣੀ ਪ੍ਰਿਏ ਰਾਧਾ ਦਾ,
ਕਿਉਂ ਸਤਿਕਾਰ ਨਾ ਕੀਤਾ ?
ਸੈਆਂ ਨਾਰਾਂ ਨਾਲ ਨਾਚ ਨਚੇਂਦਿਆਂ
ਉਸ ਮੈਨੂੰ ਜਦ ਤੱਕਿਆ,
ਆਪਣੇ ਹੋਣ ਦਾ ਮਾਣ ਉਸ ਦਾ ਮੇਰੇ ਵਾਲਾ
ਚਕਨਾ ਚੂਰ ਉਹ ਸਾਰਾ ਹੋਇਆ।
ਦਿਲ ਉਸ ਦੇ ਹੈ ਸਟ ਜੋ ਵਜੀ
ਗੁੱਸੇ ਵਿਚ ਉਹ ਚਲੀ ਗਈ ਹੈ ਮੈਥੋਂ ਦੂਰ।
ਮੇਰਾ ਚਿਤ ਕਦੀ ਵੀ ਨਹੀਂ ਸੀ
ਇਦਾਂ ਦੁਖੀ ਉਹ ਰਹਿੰਦੀ।
ਐਪਰ,
ਹੁਣ ਕੀ ਕਰਾਂ ਮੈਂ
ਕਿਵੇਂ ਉਸ ਰੁਠੜੀ ਤਾਂਈਂ ਮਨਾਵਾਂ ?
ਉਸ ਦੀ ਧੀਰ ਬਨ੍ਹਾਵਾਂ।
ਪਰੇਮ ਰੰਗ ਵਿਚ ਭਿਜ ਕੇ ਉਸ ਦੇ
ਉਸ ਦਾ ਮਨ ਪਰਚਾਵਾਂ।

ਇਸ ਰੀਸ ਨੇ ਉਸ ਦੇ ਦਿਲ ਨੂੰ
ਦਿਤਾ ਹੈ ਮਰੋੜ।
ਆਪੇ ਵਿਛੜ ਕੇ ਉਸ ਮੈਥੋਂ
ਦਿਲ ਆਪਣੇ ਨੂੰ ਲਿਆ ਹੈ ਤੋੜ।
ਕਿਵੇਂ ਹੁਣ ਮੈਂ ਉਸ ਦੇ ਤਾਂਈਂ
ਆਪਣੇ ਕੋਲ ਬੁਲਾਵਾਂ ?



Sri Satguru Jagjit Singh Ji eLibrary NamdhariElibrary@gmail.com

ਕਿਵੇਂ ਉਸ ਦੀ ਰੁਠੜੀ ਪ੍ਰੀਤ ਨੂੰ
ਮੋੜ ਲਿਆਵਾਂ ?
ਕਿਸ ਕੰਮ ਇਹ ਸਭ ਸੁੰਦਰਤਾ ਦੀ
ਮੇਰੀ ਸਭ ਪੂੰਜੀ ?
ਉਸ ਦੀ ਖੁਸ਼ੀ ਬਿਨਾਂ ਇਹ ਕੀ ਹੈ ਮੇਰਾ ਜੀਵਨ ?
ਕੀ ਮੇਰਾ ਇਹ ਰਹਿਣਵਾਸ
ਜੇ ਉਹ ਆਪ ਨਾ ਇਸ ਵਿਚ ਵਸ ਕੇ
ਇਸ ਦੀ ਸ਼ਾਨ ਵਧਾਵੇ ?

ਯਾਦ ਕਰਾਂ ਮੈਂ ਉਸ ਨੂੰ
ਜਿਸ ਦਾ ਮੁੱਖੜਾ ਗ਼ੁੱਸੇ ਨਾਲ ਹੈ ਭਖਦਾ।
ਯਾਦ ਕਰਾਂ ਮੈਂ ਉਸ ਨੂੰ
ਜਿਸ ਦੀਆਂ ਭਵਾਂ ਨੇ ਤਣੀਆਂ ਹੋਈਆਂ
ਵਿਚ ਗੁੱਸੇ ਦੇ।
ਯਾਦ ਕਰਾਂ ਮੈਂ ਉਸ ਨੂੰ
ਚਿਤਵਾਂ ਉਸ ਦਾ ਮੁਖੜਾ
ਚਮਕੇ ਜੋ ਲਾਲ ਕੰਵਲ ਦੇ ਹਾਰ।
ਜਿਸ ਦੇ ਗਿਰਦੇ ਵਾਹ ਦਿਤੀ ਹੈ
ਮਧੂ ਮੱਖੀ ਨੇ ਕਾਲੀ ਕਾਰ।

ਯਾਦ ਕਰਾਂ ਮੈਂ ਉਸ ਨੂੰ
ਜਿਸ ਦਾ ਮੇਰੇ ਹਿਰਦੇ ਵਿਚ ਹੈ ਵਾਸ।
ਜਿਸ ਦੇ ਸੰਗ ਮੈਂ ਰਹਿੰਦਾ ਸਦਾ ਸਮਾਇਆ
ਜਦ ਵੀ ਧਰਾਂ ਮੈਂ ਅੰਤਰ-ਧਿਆਨ
ਕਿਉਂ ਉਸ ਨੂੰ ਫਿਰ ਬਨਾਂ 'ਚ ਢੂੰਡਾਂ
ਜਿਸ ਦਾ ਬਣ ਚੁੱਕਾ ਹੈ
ਮੇਰੇ ਹਿਰਦੇ ਵਿਚ ਸਥਾਨ ?
ਉਹ ਪ੍ਰਿਏ ਮੇਰੀ ਪਰਮ ਪਿਆਰੀ
ਮੇਰੀ ਜਿੰਦੇ, ਜਾਵਾਂ ਮੈਂ ਤੈਥੋਂ ਬਲਿਹਾਰੀ।
ਘੋਲ ਘੁੰਮਾਵਾਂ ਤੈਥੋਂ ਸੌ ਸੌ ਵਾਰੀ।
ਤੇਰਾ ਮਨ ਦੁੱਖੀ ਅਤਿ ਹੋਇਆ ਮੇਰੇ ਹੱਥੋਂ
ਦੋਸ਼ੀ ਮੈਨੂੰ ਜਾਣ ਰਹੀ ਹੋਵੇਂਗੀ ਅਤਿ ਭਾਰੀ।



Sri Satguru Jagjit Singh Ji eLibrary NamdhariElibrary@gmail.com

ਜਾਣਾਂ ਨਾ ਮੈਂ ਕਿੱਥੇ ਹੁਣ ਤੂੰ
ਜਾ ਲੁਕੀ ਹੈਂ ਪਿਆਰੀ।
ਕਿਥੇ ਤੈਨੂੰ ਜਾ ਕੇ ਲਭਾਂ
ਮੁਸ਼ਕਲ ਬਣ ਗਈ ਭਾਰੀ।
ਇਥੇ ਹੁਣ ਮੈਂ ਬੈਠ ਗਿਆ ਹਾਂ
ਧਰ ਕੇ ਤੇਰਾ ਧਿਆਨ!
ਹੋ ਕੇ ਅੰਤਰ ਧਿਆਨ
ਢੂੰਡ ਲਿਆਵਾਂ ਤੈਨੂੰ ਕਿਧਰੋਂ
ਹਾਂ ਮੈਂ ਆਪਣੀ ਕੀਤੀ ਤੇ ਪਸ਼ੇਮਾਨ।

ਮੇਰੀ ਪ੍ਰਿਏ ਪਰਮ ਪਿਆਰੀ!
ਲਭ ਲਿਆ ਹੈ ਤੈਨੂੰ ਮੈਂ
ਆਪਣੇ ਅੰਦਰਵਾਰ।
ਆਪਣੇ ਦਿਲ ਵਿਚਕਾਰ।
ਪਰ ਫਿਰ ਵੀ ਵੇਖਾਂ ਜਦ ਮੈਂ
ਅੰਦਰੋਂ ਬਾਹਰ।
ਤੈਨੂੰ ਹੀ ਸਭ ਪਾਸੇ ਵੇਖਾਂ
ਨਾ ਦਿਸੇ ਹੋਰ ਕੋਈ ਆਕਾਰ।
ਵੇਖਾਂ ਮੈਂ ਤੈਨੂੰ ਹਰ ਬੰਨੇ
ਆਪਣੇ ਬਾਹਰਵਾਰ।
ਫਿਰ ਵੀ ਮੇਰੇ ਕੋਲ ਨਾ ਤੂੰ ਆਵੇਂ
ਆ ਕੇ ਤੂੰ ਨਾ ਮੇਰੇ ਅੰਕ ਸਮਾਵੇਂ ?

ਉਹ ਪ੍ਰਿਏ ਪਰਮ ਪਿਆਰੀ!
ਮੇਰੀ ਜਿੰਦੇ, ਜਾਵਾਂ ਮੈਂ ਬਲਿਹਾਰੀ।
ਮਾਫ਼ ਕਰੀਂ ਤੂੰ ਸਾਰੇ ਮੇਰੇ ਦੋਸ਼
ਭੁਲ ਕੇ ਵੀ ਕਦੀ ਮੈਂ ਮੁੜ ਕੇ
ਨਾ ਤੇਰਾ ਚਿਤ ਦੁਖਾਵਾਂ।
ਐਪਰ ਮੇਰੀ ਪਿਆਰੀ!
ਹੁਣ ਤਾਂ ਆ ਜਾ ਮੇਰੇ ਕੋਲ!
ਤੇਰੇ ਪਰੇਮ ਵਿਛੋੜੇ ਅੰਦਰ ਸੜ ਰਿਹਾ ਹਾਂ।
ਸ਼ਾਂਤ ਕਰੋ ਇਹ ਦਿਲ ਦੀ ਅਗਨੀ



Sri Satguru Jagjit Singh Ji eLibrary NamdhariElibrary@gmail.com

ਪ੍ਰਿਏ ਠੰਢ ਵਰਤਾਉ।
ਮੇਰੀ ਜਿੰਦੇ, ਮੇਰੀ ਪਿਆਰੀ !
ਮੇਰੇ ਅੰਕ ਸਮਾਉ।
ਮੇਰੇ ਕੋਲ ਆ ਜਾਉ !

ਮੇਰੀ ਪ੍ਰਿਏ ਪਿਆਰੀ !
ਤੇਰੇ ਪਰੇਮ ਨੇ ਮੈਨੂੰ
ਕਾਮ ਜਿੱਤਣ ਦਾ ਵਲ ਸਿਖਾਇਆ !
ਪਰ, ਹੁਣ ਜਦ ਤੂੰ ਨਹੀਂ ਹੈਂ ਮੇਰੇ ਕੋਲ !
ਕਾਮਦੇਵ ਨੇ ਮੁੜ ਫੜ ਲੀਤੇ
ਆਪਣੇ ਸਭ ਹਥਿਆਰ !
ਜਿਨ੍ਹਾਂ ਸੰਗ ਉਸ ਜਿਤਿਆ ਸਭ ਸੰਸਾਰ !
ਕਾਲੀਆਂ ਮਧੂ ਮੱਖੀਆਂ ਦੀ
ਉਸ ਦੀ ਬਣੀ ਕਮਾਨ।
ਪ੍ਰੀਤ ਤੱਕਣੀਆਂ ਦੇ ਉਸ ਨੇ
ਚਿਲੇ ਚੜ੍ਹਾਏ ਬਾਣ !
ਕਿਸੇ ਦੇ ਨੈਣਾਂ ਤੋਂ ਉਸ ਨੇ
ਕਾਮ ਦੇ ਤੀਰ ਵਰ੍ਹਾਏ !
ਘੇਰਨ ਵਾਸਤੇ ਉਸ ਨੇ ਮੇਰੇ
ਕਈ ਨੇ ਫੰਧ ਬਣਾਏ !
ਕਾਮਦੇਵ ! ਮੈਂ ਨਹੀਂ ਹਾਂ ਸ਼ਿਵ ਜੋ ਤੇਰਾ ਸ਼ਤਰੂ
ਜਿਸ ਲਈ ਕਸ ਲਏ ਤੂੰ ਇਤਨੇ ਵਡੇ ਹਥਿਆਰ
ਮੈਨੂੰ ਸ਼ਿਵ ਜੀ ਸਮਝ ਨਾ ਲੈਣਾ ਗਲਤੀ ਨਾਲ
ਮੇਰੇ ਕੰਠ ਦੁਆਲੇ ਇਹ ਨਹੀਂ ਸੱਪ ਵਿਸ਼ਾਲ
ਨਾ ਹੀ ਨੀਲ-ਕੰਠ ਇਹ ਵਿਹੁ ਦਾ ਦਾਗ
ਮੈਂ ਤਾਂ ਨੀਲ ਕੰਵਲ ਦੇ ਬਸਤਰ ਹਨ ਸਜਾਏ !

ਮੈਂ ਨਹੀਂ ਆਪਣੇ ਤਨ ਦੇ ਉਪਰ
ਭਸਮ ਰਮਾਈ
ਇਹ ਤਾਂ ਚੰਦਨ ਦਾ ਹੈ ਕੀਤਾ ਲੇਪ
ਤਾਂ ਜੋ ਸੀਤਲ ਰਹੇ ਇਹ ਮੇਰਾ ਆਕਾਰ।
ਵਿਚ ਵਿਛੋੜੇ ਸੜ ਰਿਹਾ ਜੋ



Sri Satguru Jagjit Singh Ji eLibrary NamdhariElibrary@gmail.com

ਮਿਲਿਆ ਨਹੀਂ ਹੈ ਜਿਸ ਨੂੰ
ਉਸ ਦਾ ਪਿਆਰ!

ਕਿਉਂ ਤੂੰ ਕਰ ਰਿਹਾ ਹੈਂ ਮੇਰੇ ਉਪਰ ਵਾਰ?
ਤਰਸ ਰਿਹਾ ਮੈਂ ਉਸ ਪਰੇਮ ਭੇਟ ਨੂੰ
ਜੋ ਲੁਕੀ ਹੈ ਮੇਰੀ ਪ੍ਰਿਏ ਪਿਆਰੀ
ਦੇ ਦਿਲ ਵਿਚਕਾਰ।
ਕਾਮਦੇਵ! ਮੇਰੇ ਉਪਰ ਅੰਬ ਫ਼ੁਲਾਂ ਦੇ
ਬਾਣ ਨਾ ਬਰਸਾਉ।
ਜੋ ਇਹ ਤੀਰ ਤੁਸਾਂ ਹਨ ਪਕੜੇ
ਮੇਰੇ ਤੇ ਨਾ ਚਲਾਉ।
ਮੈਨੂੰ ਆਪਣੇ ਵਾਰਾਂ ਤੋਂ ਰਖੋ ਤੁਸੀਂ ਬਾਹਰ।
ਕਿਉਂ ਜੋ ਉਡੀਕ ਰਿਹਾ ਹਾਂ
ਮੈਂ ਨਾਲ ਤੀਬਰਤਾ
ਆਪਣੇ ਰੁਠੜੇ ਪਿਆਰ!

ਕਾਮਦੇਵ! ਤੂੰ ਜਿਤਿਆ ਸਭ ਸੰਸਾਰ
ਕਿਹੜੀ ਸ਼ਾਨ ਵਧਾਵੇਂ ਆਪਣੀ ਜਿਤ ਕੇ ਮੈਨੂੰ
ਜਿਸ ਨੂੰ ਪਹਿਲਾਂ ਹੀ ਜਿਤ ਲਿਆ ਹੈ
ਮੇਰੀ ਜਿੰਦ ਦੇ ਪਿਆਰ!
ਮੈਂ ਤਾਂ ਤੜਪ ਰਿਹਾ ਹਾਂ
ਉਸ ਮਿਰਗ-ਨੈਣੀ ਦੇ ਅੰਦਰ ਯਾਦ।
ਜਿਸ ਦੇ ਦਿਲ ਅੰਦਰ ਹੈ ਵਸਦਾ
ਮੇਰਾ ਪਿਆਰ ਅਪਾਰ!

ਕਾਮਦੇਵ ਦੀ ਥਾਂ ਸੂਖਮ ਆਕਾਰੀ ਰਾਧਾ
ਆਪ ਹੀ ਚਲ ਆਉ।
ਨੈਣਾਂ ਦੀਆਂ ਕਮਾਨਾਂ ਵਿਚੋਂ
ਪਰੇਮ ਦੇ ਤੀਰ ਚਲਾਉ।
ਮੇਰੇ ਹਿਰਦੇ ਨੂੰ ਇਸ ਤਰ੍ਹਾਂ
ਪਰੇਮ ਦਾ ਡੰਗ ਲਗਾਉ।
ਆਪਣੇ ਕਾਲੇ ਕੇਸਾਂ ਵਾਲਾ



Sri Satguru Jagjit Singh Ji eLibrary NamdhariElibrary@gmail.com

ਸੁੰਦਰ ਮੁੱਖ ਦਿਖਾਉ।
ਜਿਸ ਤੋਂ ਕਾਮਦੇਵ ਦਾ ਜਨਮ ਹੈ ਹੋਇਆ
ਉਹ ਪਿਆਰਾ ਮੁਖੜ ਸਜਨੀ
ਆਣ ਦਿਖਾਉ!
ਆਪਣੇ ਹੋਂਠ ਯਾਕੂਤੀ ਦੀ ਛੁਹ ਬਖਸ਼ੋ
ਪਰੇਮ ਨਸ਼ੇ ਦੀ ਮਸਤੀ ਅੰਦਰ
ਮੈਨੂੰ ਝੂਮ ਝੂਮਾਉ!
ਸੀਨੇ ਦੇ ਉਭਾਰਾਂ ਅੰਦਰ
ਲੁਕਿਆ ਹੈ ਜੋ ਪਿਆਰ!
ਉਸ ਨੂੰ ਆ ਪ੍ਰਗਟਾਉ।
ਇਹ ਮੈਂ ਜਾਣਾ ਗ਼ੁੱਸੇ ਦੀ ਤਹਿ ਥਲੇ
ਲੁੱਕਿਆ ਹੈ ਮੇਰੇ ਲਈ ਅਸਗਾਹ ਪਿਆਰ।
ਛਾਤੀ ਦਾ ਭਰਪੂਰ ਜੋ ਜੋਬਨ
ਉਸ ਛੁਹ ਨੂੰ ਬਖ਼ਸ਼ੋ ਪਿਆਰਾਂ ਦੀ ਮਸਤੀ ਦੇ ਅੰਦਰ
ਸੁਆਸ ਨਾਲ ਸੁਆਸ ਰਲਾਉ
ਮੇਰੇ ਸਾਹਾਂ ਦੇ ਵਿਚ ਪਿਆਰੀ
ਆ ਕੇ ਤੁਸੀਂ ਸਮਾਉ!

ਉਹ ਪਿਆਰੀ ਮੇਰੀ ਜਿੰਦ ਦੀ ਜਿੰਦ!
ਕਿਸ ਕੰਮ ਇਹ ਮੇਰੇ ਲਈ ਛੁਹ ਦਾ ਹੈ ਆਭਾਸ?
ਜੇ ਤੂੰ ਨਹੀਂ ਹੈਂ ਮੇਰੇ ਪਾਸ।
ਤੇਰੇ ਸੂਖਮ ਸੁਹਲ ਸਰੀਰ ਨੂੰ
ਜੇ ਮੈਂ ਛੁਹ ਨਾ ਸਕਾਂ?
ਕਿਸ ਕੰਮ ਫਿਰ ਇਹ ਮੇਰੇ ਨੈਣ
ਜੇਕਰ ਤੈਨੂੰ ਤੱਕ ਨਾ ਸਕਾਂ।
ਤੇਰੇ ਨੈਣਾਂ ਦੀ ਤੱਕਣੀ ਤੋਂ ਬਿਨ
ਹਨ ਕਿੰਝ ਬੇਚੈਨ?
ਕਿਸ ਕੰਮ ਫਿਰ ਮੇਰੇ ਲਈ ਇਹ
ਸੁਗੰਧ ਦਾ ਆਭਾਸ,
ਜੇਕਰ ਮੈਂ ਨਾ ਮਾਣ ਸਕਾਂ
ਤੇਰੇ ਕੰਵਲ ਮੁੱਖ ਦੀ ਮਿੱਠੀ ਬਾਸ?
ਕਿਸ ਕੰਮ ਇਹ ਮੇਰੀ ਜਿੰਦ



Sri Satguru Jagjit Singh Ji eLibrary NamdhariElibrary@gmail.com

ਜੇ ਮੈਂ ਤੇਰੀ ਜਿੰਦ ਦੇ ਗੀਤ ਨੂੰ
ਮਾਣ ਨਾ ਸਕਾਂ
ਹੋ ਕੇ ਕਦੀ ਨਿਚਿੰਦ ?

ਫਿਰ ਵੀ ! ਧਰਾਂ ਮੈਂ ਜਦ ਉਸ ਦਾ ਧਿਆਨ
ਜਿਉਂ ਜਿਉਂ ਚਿਤਵਾਂ ਉਸ ਪਿਆਰੀ ਨੂੰ
ਮੇਰੀ ਪੀੜ ਬਿਰਹੋਂ ਦੀ ਨਿਤ ਪਈ ਵਧਦੀ ਜਾਵੇ
ਪਾਵਾਂ ਨਾ ਮੈਂ ਚੈਨ !
ਹੋਰ ਹੋਵਾਂ ਬੇਚੈਨ !
(ਜਮਨਾ ਕੰਢੇ ਬਾਂਸਾਂ ਦੀ ਝੰਗੀ ਵਿਚ ਧਿਆਨ ਮਗਨ ਬਿਰਾਜਮਾਨ
ਸ਼੍ਰੀ ਕ੍ਰਿਸ਼ਨ ਜੀ ਕੋਲ ਸਖੀ ਪੁਜਦੀ ਹੈ।)

ਸਖੀ : ਸ਼੍ਰੀ ਕ੍ਰਿਸ਼ਨ ਜੀ ਤੁਸੀਂ ਕੀ ਜਾਣੋਂ
ਰਾਧਾ ਦੇ ਹਿਰਦੇ ਦੀ ਵਿਥਿਆ
ਤੁਹਾਡੇ ਕੋਲੋਂ ਵਿਛੜੀ ਹੋਈ
ਉਸ ਦੀ ਆਤਮਾ ਬਹੁਤ ਦੁੱਖੀ ਹੈ ?
ਤੁਸਾਂ ਲਈ ਅਰਜੋਈਆਂ ਕਰਦੀ ਰਹਿੰਦੀ ਹੈ
ਨਿਤ ਰਾਧਾ !
ਤੁਸੀਂ ਹੀ ਕੇਵਲ ਉਸ ਦੇ ਅਰਮਾਨਾਂ ਨੂੰ
ਪੂਰਨ ਵਾਲੇ ਇਸ਼ਟ ਦੇਵ ਹੋ।
ਕਾਮਦੇਵ ਦੇ ਬਾਣਾਂ ਤੋਂ ਡਰ ਕੇ
ਉਸ ਨੇ ਤੁਹਾਡੀ ਸ਼ਰਨ ਲਈ ਹੈ।
ਵਿਛੜੀ ਹੋਈ ਭਾਵੇਂ ਤੁਸਾਂ ਤੋਂ
ਤੁਹਾਡੇ ਵਿਚ ਹੀ ਜੀ ਰਹੀ ਹੈ।
ਚੰਦਨ ਲੇਪ ਤਨ ਉਤੇ ਜਿਹੜਾ
ਉਸ ਨੂੰ ਉਹ ਕੋਸਦੀ ਰਹਿੰਦੀ।
ਚੰਨ ਰਿਸ਼ਮਾਂ ਵੀ ਉਸ ਦੇ ਕੋਮਲ ਤਨ ਤੇ
ਘਾਓ ਡੂੰਘੇਰੇ ਲਾ ਰਹੀਆਂ ਨੇ।
ਦਖਣ ਦਿਸ਼ਾਂ ਤੋਂ ਜਿਹੜੀ ਅਗਰ ਚੰਦਨ ਦੀ ਭਿੰਨੀ
ਪਵਨ ਰੁਮਕਦੀ।
ਉਸ ਦੇ ਤਨ ਨੂੰ ਡੰਗ ਲਗਾਂਦੀ
ਜਿਵੇਂ ਚੰਦਨ ਬਿਰਛ ਤੇ ਕੁੰਡਲ ਘੱਤ ਕੇ
ਨਾਗ ਲਟਕਦੇ ਜ਼ਹਿਰੀ ਹੋਵਣ।



Sri Satguru Jagjit Singh Ji eLibrary NamdhariElibrary@gmail.com

ਇਹ ਉਸ ਤੇ ਨਿਤ ਡੰਗ ਚਲਾਂਦੇ।

ਹਾਏ ਕ੍ਰਿਸ਼ਨ ਜੀ!
ਰਾਧਾ ਨੂੰ ਕੋਈ ਸੁਧ ਨਹੀਂ ਹੈ!
ਤਨ ਵਲੋਂ ਉਹ ਬੇਸੁਧ ਹੋਈ!
ਧਿਆਨ ਤੁਹਾਡੇ ਜੀਉ ਰਹੀ ਹੈ।
ਕਾਮਦੇਵ ਦੇ ਪੁਸ਼ਪ ਬਾਣ ਜਦ
ਉਸ ਦੇ ਸੀਨੇ ਨੂੰ ਆ ਵਿੰਨ੍ਹਦੇ
ਕੰਵਲ ਪੱਤੀਆਂ ਤ੍ਰੇਲ ਧੋਤੀਆਂ ਦੀ
ਤਦ ਉਹ ਢਾਲ ਬਣਾਵੇ।
ਮਨਮੋਹਣ ਦੀ ਨਿਕੀ ਮੂਰਤ
ਆਪਣੇ ਹਿਰਦੇ ਵਿਚ ਲੁਕਾਵੇ।
ਮਤਾਂ ਕਿਤੇ ਤੀਰਾਂ ਦੀ ਬਰਖਾ
ਉਸ ਦੇ ਪਰੇਮ ਨੂੰ ਵਿੰਨ੍ਹ ਨਾ ਜਾਵੇ।
ਇਸ਼ਟ ਦੇਵ ਨੂੰ ਪਈ-ਲੁਕਾਵੇ।
ਹਿਰਦੇ ਵਿਚ ਟਿਕਾ ਕੇ ਉਸ ਨੂੰ
ਆਪਣੇ ਪ੍ਰੀਤਮ ਤਾਂਈਂ ਬਚਾਵੇ!

ਸ਼੍ਰੀ ਕ੍ਰਿਸ਼ਨ ਜੀ!
ਰਾਧਾ ਤੁਹਾਡੇ ਸੁਆਗਤ ਲਈ
ਹੋ ਰਹੀ ਹੈ ਤਿਆਰ!
"ਕਿਥੇ ਆਪਣੇ ਪ੍ਰੀਤਮ ਤਾਂਈਂ ਬਿਠਾਵਾਂ"
ਬੇ-ਸੁਧ ਹੋਈ ਰਾਧਾ ਇੰਞ ਆਖੇ
ਇਸੇ ਕਾਰਨ ਉਸੇ ਵੇਲੇ
ਆਪਣੇ ਹਿਰਦੇ ਅੰਦਰ ਉਹ
ਫੁਲਾਂ ਦੀ ਸੇਜ ਸਮਾਵੇ।
ਇਹ ਸੇਜ ਐਸੀ ਸੁਖਦਾਈ
ਕਾਮ-ਅਗਨ ਦੇ ਫੁਲਾਂ ਉਪਰ
ਜਿਵੇਂ ਇਹ ਸੁਹਾਗ ਵਿਛਾਈ।
ਗੁੰਮੇ ਫਿਰ ਧਿਆਨ ਮਗਨ ਉਹ
ਆਪਣੇ ਪ੍ਰੀਤਮ ਤਾਂਈਂ ਚਿਤਵਦੀ।
ਇੰਞ ਉਹ ਆਭਾਸ ਹੈ ਕਰਦੀ



Sri Satguru Jagjit Singh Ji eLibrary NamdhariElibrary@gmail.com

ਜਿਵੇਂ ਪ੍ਰੀਤਮ ਨੇ ਨੇੜੇ ਆ ਕੇ
ਉਸ ਨੂੰ ਹੈ ਗਲਵਕੜੀ ਪਾਈ।

ਸ਼੍ਰੀ ਕ੍ਰਿਸ਼ਨ ਜੀ !
ਕਸਤੂਰੀ ਭਿੰਨੇ ਤੁਹਾਡੇ ਮਦਨ ਅੰਗਾਂ ਦਾ
ਉਸ ਨੇ ਹੈ ਇਕ ਚਿਤਰ ਬਣਾਇਆ।
ਆਪਣੇ ਮਨ ਮੰਦਰ ਵਿਚ ਜਿਸ ਨੂੰ
ਉਸ ਨੇ ਹੈ ਟਿਕਾਇਆ।
ਆਪਣੇ ਹੱਥ ਵਿਚ ਅੰਬਾਂ ਦੀ
ਖਿੜੀ ਟਹਿਣੀ ਨੂੰ ਫੜ ਕੇ
ਸ਼ਿਵ-ਦੇਵ ਦੀ ਪੂਜਾ ਕਰਦੀ
ਨਿਤ ਕਰੇ ਅਰਦਾਸ !
"ਲਛਮੀ ਦੇ ਨਾਥ ਹੇ ਸੁਆਮੀ !
ਤੇਰੇ ਚਰਨਾਂ ਤੇ ਲੇਟ ਗਈ ਹਾਂ !
ਆਪਣਾ ਸੀਸ ਟਿਕਾ ਦਿਤਾ ਹੈ !
ਮੇਰੇ ਪ੍ਰੀਤਮ ! ਛੱਡ ਨਾ ਜਾਣਾ
ਦੂਰ ਮੈਥੋਂ ਹੁਣ ਨਸ ਨਾ ਜਾਣਾ !"
ਜੇ ਤੁਸੀਂ ਮੈਨੂੰ ਛੱਡ ਜਾਉਂਗੇ
ਚੰਦ ਦੀਆਂ ਇਹ ਸੀਤਲ ਰਿਸ਼ਮਾਂ
ਮੈਨੂੰ ਸਾੜਨ ਲਈ ਨੇ ਕਾਫੀ
ਖ਼ਾਕ ਦੀ ਢੇਰੀ ਹੋ ਜਾਵਾਂਗੀ।

ਸ਼੍ਰੀ ਕ੍ਰਿਸ਼ਨ ਜੀ !
ਰਾਧਾ ਦੀ ਇਹ ਹਾਲਤ ਹੋਈ
ਸਭ ਕੁਝ ਨੂੰ ਤਿਆਗ ਹੈ ਦਿੱਤਾ।
ਕੇਵਲ ਧਿਆਨ ਤੁਹਾਡਾ ਹੈ ਕੀਤਾ।
ਕੋਈ ਵੀ ਉਸ ਨੂੰ ਪੋਹ ਨਾ ਸਕੇ।
ਬਿਨ ਤੁਹਾਡੇ ਕੋਈ ਛੋਹ ਨਾ ਸਕੇ।
ਵਿਚ ਤੁਹਾਡੇ ਧਿਆਨ
ਬਉਰੀ ਹੋਈ ਕੂਕ ਹੈ ਪੈਂਦੀ।
ਫਿਰ ਆਪੇ ਹੀ ਹਸ ਹੈ ਲੈਂਦੀ।
ਫਿਰ ਰੋਂਦੀ ਹੈ ਵਿਚ ਪੀੜ



Sri Satguru Jagjit Singh Ji eLibrary NamdhariElibrary@gmail.com

ਫਿਰ ਐਸਾ ਮਨ ਵਿਚ ਕੁਝ ਆਵੇ
ਬੂਹਾ ਖੋਲ੍ਹ ਬਾਹਰ ਨੂੰ ਧਾਵੇ।

ਬਿਨਾਂ ਤੁਹਾਡੇ ਉਸ ਨੂੰ ਜਾਪਣ
ਸੁੰਦਰ ਮਹਿਲ ਸਭ ਸਖਣੇ ਸਖਣੇ
ਇਹ ਜੋ ਸਖੀਆਂ ਦਾ ਉਸ ਦੇ ਗਿਰਦੇ
ਜੁੜਿਆ ਝੁਰਮਟ।
ਜਾਪੇ ਜੋ ਇਕ ਸੁੰਦਰ ਹਾਰ।
ਤੁਹਾਡੇ ਬਿਨ ਉਹ ਇਸ ਨੂੰ ਜਾਣੇ
ਜਿਵੇਂ ਇਹ ਹੈ ਦਮ ਘੁੱਟਵਾਂ ਇਕ ਫੰਧਾ ਜਾਲ।
ਤੁਹਾਡੇ ਬਿਨ ਜੋ ਪਰੇਮ ਦੀ ਅਗਨੀ
ਮਿੱਠਾ ਪਿਆਰਾ ਜਿਸ ਦਾ ਸੁਆਦ।
ਇਹ ਸਭ ਉਸ ਨੂੰ ਭਾਂਬੜ ਜਾਪੇ
ਜਿਸ ਵਿਚ ਸੜਦਾ ਅੰਦਰ ਬਾਹਰ।
ਹਰਨੌਟੇ ਵਾਂਗ ਉਹ ਹੋਈ ਹੈਰਾਨ
ਜਿਸ ਦਾ ਪਿਛਾ ਕਰ ਰਿਹਾ ਹੈ
ਮਹਾਂ ਤ੍ਰਿਸ਼ਨਾਂ ਦਾ ਖ਼ੂਨੀ ਬਾਣ।
ਇਧਰ ਉਧਰ ਹੈ ਨੱਠਾ ਫਿਰਦਾ
ਪਿਛੇ ਵਲ ਜੋ ਮੁੜ ਮੁੜ ਤੱਕੇ
ਆਪਣੀ ਮੌਤ ਦੀ ਚਿੱਠੀ
ਮਹਾਂ ਮਾਰੂ ਉਸ ਨੂੰ ਜਾਪੇ
ਇਹ ਤ੍ਰਿਸ਼ਨਾਂ ਦੀ ਅੱਗ
ਜਿਸ ਦੇ ਸੇਕ ਤੋਂ ਬਚਣਾ ਚਾਹੇ
ਤੁਹਾਡੇ ਚਰਨੀ ਲੱਗ।

ਸ੍ਰੀ ਕ੍ਰਿਸ਼ਨ ਜੀ !
ਤੁਹਾਡੇ ਬਿਨ ਉਹ ਹੋਈ ਹੈ ਨਿਰਜਿੰਦ !
ਉਸ ਦੇ ਸੀਨੇ ਉਪਰ ਲਟਕ ਰਿਹਾ
ਜੋ ਕੰਵਲਾਂ ਦਾ ਹਾਰ।
ਜੋ ਹੈ ਉਹ ਸ਼ੋਭਾ ਦਾ
ਸ਼ੀਲ-ਸ਼ਿੰਗਾਰ।
ਪਰ ਤੁਹਾਡੇ ਬਿਨ ਜਾਪੇ ਉਸ ਨੂੰ



Sri Satguru Jagjit Singh Ji eLibrary NamdhariElibrary@gmail.com

ਇਹ ਵਾਧੂ ਦਾ ਇਕ ਭਾਰ।
ਇਹ ਸਭ ਵਸਤਾਂ ਗਹਿਣੇ ਗੱਟੇ
ਬੇਸਬਰੀ ਤਾਂਈਂ ਜਗਾਵਣ ਵਾਲੇ
ਜਾਪਣ ਸਭ ਵਿਅਰਥ।
ਹੋਵੇ ਉਹ ਉਦਾਸ
ਤਨ ਉਤੇ ਜੋ ਕੀਤਾ ਚੰਦਨ-ਲੇਪ
ਠੰਢ ਪਾਣੇ ਦੀ ਥਾਂ
ਉਸ ਨੂੰ ਡੰਗੇ ਜ਼ਹਿਰੀ ਨਾਗ ਸਮਾਨ।
ਆਪਣੇ ਸਾਹ ਵੀ ਭਾਰੇ ਜਾਪਣ
ਇੰਝ ਲਗਣ ਉਸ ਨੂੰ ਆਪਣੇ ਪ੍ਰਾਣ
ਜਿਵੇਂ ਅਗਨ-ਅਲੰਬੇ ਬਲ ਰਹੇ ਹੋਵਣ
ਮਹਾਂ-ਤ੍ਰਿਸ਼ਨਾਂ ਦੇ ਭਵ ਸਾਗਰ ਅੰਦਰ
ਸੜ ਰਿਹਾ ਹੋਵੇ ਉਸ ਦੇ ਅੰਦਰ ਦਾ
ਸਾਰਾ ਤ੍ਰਾਣ!

ਵੇਖੋ ਉਹ!
ਕਿੰਝ ਪਈ ਤੱਕੋ
ਜੰਗਲੀ ਜਾਨਵਰ ਹਾਰ!
ਆਲਾ ਦੁਆਲਾ ਢੂੰਡ ਰਹੀ ਹੈ
ਕਰਦੀ ਪਈ ਹੈ ਭਾਲ।
ਜਾਪੇ ਉਹ ਇੰਝ ਇਕ ਕੰਵਲ ਦੇ ਹਾਰ।
ਡੰਡੀ ਉਤੋਂ ਜੋ ਹੋਵੇ ਟੁੱਟਿਆ
ਪੱਤੀਆਂ ਜਿਸ ਦੀਆਂ ਖਿਲਰੀਆਂ ਹੋਵਣ
ਸਾਰੇ ਆਲ-ਦੁਆਲ!

ਬਹੁੜਿਆ ਨਹੀਂ ਹਾਲੀਂ ਵੀ
ਉਸ ਦਾ ਪ੍ਰੀਤਮ ਪਿਆਰ।
ਫੁਲਾਂ ਦੀ ਸੇਜ ਸਜਾਈ
ਜੋ ਸਧਰਾਂ ਦੇ ਨਾਲ।
ਵਿਚ ਸੁਆਗਤ ਕੀਤਾ ਸੀ
ਜੋ ਹਾਰ ਸ਼ਿੰਗਾਰ।
ਇੰਝ ਜਾਪੇ ਉਹ ਸਾੜ ਸੁਟੇਗਾ



Sri Satguru Jagjit Singh Ji eLibrary NamdhariElibrary@gmail.com

ਉਸ ਦੀ ਜਿੰਦ ਨੂੰ
ਬਲ ਰਹੀ ਇਕ ਚਿੰਤ ਚਿਖਾ ਦੇ ਹਾਰ!

ਵੇਖੋ! ਰਾਧਾ ਤੱਕ ਰਹੀ ਹੈ
ਸਧਰਾਈ ਨਿਗ੍ਹਾ ਦੇ ਨਾਲ।
ਧਿਆਨ ਮਗਨ ਬੈਠੀ ਹੈ ਏਕਣ
ਇਕ ਟੱਕ ਇਕ ਚਾਲ।
ਠੋਡੀ ਨੂੰ ਤਲੀਆਂ ਤੇ ਰਖਿਆ
ਵਿਸਰੇ ਸਭ ਖਿਆਲ।
ਜਾਪੇ ਜਿਵੇਂ ਸੋਹਣੇ ਚੰਦ ਨੂੰ
ਪਕੜਿਆ ਹੋਵੇ ਬਾਲ।
ਜਿਸ ਨੇ ਉਸ ਨੂੰ ਘੁੱਟ ਲਿਆ ਹੋਵੇ
ਆਪਣੇ ਸੀਨੇ ਨਾਲ!

ਸ਼੍ਰੀ ਕ੍ਰਿਸ਼ਨ ਜੀ!
ਤੁਹਾਡਾ ਵਿਛੋੜਾ ਉਸ ਲਈ ਮੌਤ ਸਮਾਨ।
ਜਿਵੇਂ ਇਕ ਲੁਛਦੀ ਸੰਤ ਆਤਮਾ
ਮਰਨ ਸਮੇਂ ਉਚਰੇ ਹਰੀ ਦਾ ਨਾਮ!
ਤੁਹਾਡਾ ਨਾਂ ਰਾਧਾ ਅਰਾਧੇ
ਸੁਆਸ ਸੁਆਸ ਦੇ ਨਾਲ।
ਹਰੀ! ਹਰੀ! ਦਾ ਜਾਪ ਜਪੇਂਦੀ
ਡੁਬਦੀ ਹੋਵੇ ਜਿਵੇਂ ਕੋਈ ਨਈਆ
ਮੰਝਧਾਰ ਵਿਚਕਾਰ।

ਸ਼੍ਰੀ ਕ੍ਰਿਸ਼ਨ ਜੀ!
ਆਪ ਹੋ ਸੁੰਦਰ ਅਸ਼ਵਨੀ ਕੁਮਾਰਾਂ ਹਾਰ!
ਅਜਬ ਹੋਇਆ ਹੈ ਰਾਧਾ ਦੇ ਮਨ ਦਾ ਹਾਲ।
ਕਦੀ ਕਦੀ ਤਾਂ ਲੂੰ-ਕੰਡੇ ਹੋ ਜਾਣ
ਹੋਵੇ ਕੰਬਦੀ ਕੰਬਦੀ ਠੰਢੀ ਠਾਰ।
ਹੋਰ ਸਮੇਂ ਉਹ ਰੋਵੇ ਜ਼ਾਰੋ ਜ਼ਾਰ।
ਫਿਰ ਕੰਬ ਉਠੇ ਉਸ ਦੀ ਕਾਂਇਆਂ
ਜਿਵੇਂ ਆਇਆ ਹੋਵੇ ਕੋਈ ਭੂਚਾਲ।



Sri Satguru Jagjit Singh Ji eLibrary NamdhariElibrary@gmail.com

ਗੁੰਮੇ ਫਿਰ ਉਦਾਸੀ ਅੰਦਰ
ਢੱਠੇ ਹੋ ਚੌਫਾਲ।
ਫਿਰ ਧਰਦੀ ਹੈ ਉਹ ਮੁੜ ਮੁੜ ਤੁਹਾਡਾ ਧਿਆਨ
ਝੱਲ ਵਲੱਲੀਆਂ ਗੱਲਾਂ ਕਰਦੀ
ਹੁੰਦੀ ਫਿਰ ਬੇਹੋਸ਼।
ਹੋਵੇ ਅਤ੍ਰਿਪਤ ਜਿਵੇਂ ਆਤਮਾ ਉਸ ਦੀ
ਲਿਵ ਜੋੜੇ ਉਹ ਨਾਲ ਤੁਸਾਂ ਦੇ
ਹੋ ਕੇ ਅੰਤਰ ਧਿਆਨ!
ਉਸ ਸੁਅੰਗਣੀ ਸੁੰਦਰ-ਬਦਨੀ
ਦਾ ਹੈ ਇਕ ਉਪਚਾਰ।
ਉਹ ਹੈ ਇਕੋ ਇਕ ਔਸ਼ਧੀ
ਤੁਹਾਡਾ ਮਿੱਠੜਾ ਪਿਆਰ!
ਪਰੇਮ ਰੰਗ ਵਿਚ ਰੰਗ ਦਿਉ ਕ੍ਰਿਸ਼ਨ ਜੀ!
ਉਸ ਦੇ ਸਰਬ ਵਿਚਾਰ!
ਜੇ ਤੁਸੀਂ ਬਹੁੜੀ ਨ ਕੀਤੀ
ਮਰਸੀ ਅਬਲਾ ਨਾਰ!
ਜੇ ਤੁਸੀਂ ਉਸ ਦੀ ਪਰੇਮ ਪੀੜਾ ਦਾ
ਕੀਤਾ ਨਾ ਇਲਾਜ।
ਸ਼ਾਂਤ ਕਰੋ ਉਹਦੀ ਪਰੇਮ ਅਗਨ ਨੂੰ
ਮਿੱਠੀ ਮਲ੍ਹਮ ਲਗਾ ਆਪਣੀ ਛੁਹ ਦੀ
ਉਸ ਦਾ ਕਰੋ ਉਦਾਰ।
ਕਰੋ ਜੀ ਕੋਈ ਉਪਕਾਰ
ਹੋਵੇ ਹੁਣ ਉਪਚਾਰ,
ਉਸ ਦੀ ਪਰੇਮ ਪੀੜਾ ਦਾ।
ਜੇ ਉਸ ਦੇ ਤਪਦੇ ਮਨ ਨੂੰ ਮਿਲਿਆ ਨਾ ਪਿਆਰ
ਇਹ ਦੈਵੀ ਸੰਯੋਗ ਫਿਰ ਤੁਹਾਡਾ
ਇਹ ਉਚੇਰੀ ਸਾਂਝ
ਹੋ ਜਾਸੀ ਬਦਨਾਮ!
ਕੌਣ ਫਿਰ ਓਟ ਧਰੇਗਾ
ਉਪਰ ਤੁਹਾਡੇ ਨਾਮ ?
ਇਕ ਪਲ ਤੁਹਾਡਾ ਹੋਰ ਵਿਛੋੜਾ
ਉਸ ਲਈ ਮੌਤ ਸਮਾਨ।



Sri Satguru Jagjit Singh Ji eLibrary NamdhariElibrary@gmail.com

ਕਿਵੇਂ ਧੀਰ ਧਰੇ ਹੁਣ ਰਾਧਾ
ਆਪਣੇ ਮਨ ਵਿਚਕਾਰ ?
ਚੰਦਨ-ਲੇਪ ਤਨ ਉਤੇ ਲਗਾ
ਡੰਗੇ ਨਾਂਗਾ ਹਾਰ।
ਗੱਲ ਵਿਚ ਪਏ ਹਾਰ ਕੰਵਲਾਂ ਦੇ
ਲਗਣ ਵਾਧੂ ਭਾਰ !
ਫਿਰ ਵੀ ਹੁਣ ਤਕ ਉਹ ਹੈ ਜਿਊਂਦੀ
ਧਰ ਕੇ ਤੁਹਾਡਾ ਧਿਆਨ।
'ਸੀਤਲ' ਜਿੰਦ ਨੂੰ ਠਾਰਨ ਵਾਲਾ
'ਜੀਵਨ ਲਈ ਜੋ ਪ੍ਰਾਣ' !

ਸ਼੍ਰੀ ਕ੍ਰਿਸ਼ਨ ਜੀ !
ਰਾਧਾ ਜਿਸ ਨੇ ਪਰੇਮ ਵਿਛੋੜਾ
ਇਕ ਪਲ ਨਹੀਂ ਸੀ ਝਲਿਆ।
ਰਹੀ ਤੁਹਾਡੇ ਸੰਗ ਸਦਾ ਹੀ
ਮਨ ਉਸ ਦਾ ਤੁਸਾਂ ਮੱਲਿਆ।
ਅਜ ਜਦ ਖਿੜ ਪਈ ਚਾਰ ਚੁਫ਼ੇਰੇ।
ਅੰਬਾਂ ਉਤੇ ਬਹਾਰ ਕਿੰਝ ਨਾ ਲੋਚੇ।
ਪ੍ਰੀਤਮ ਪਿਆਰੇ !
ਰਾਧਾ ਤੁਹਾਡਾ ਪਿਆਰ ?



Sri Satguru Jagjit Singh Ji eLibrary NamdhariElibrary@gmail.com

## ਚਾਰ

(ਰਾਧਾ ਧਿਆਨ ਮਗਨ ਬੈਠੀ ਹੈ। ਸਖੀ ਉਸ ਕੋਲ ਪੁਜਦੀ ਹੈ।)

**ਸਖੀ :** ਰਾਧਾ ਪਿਆਰੀ !
ਕ੍ਰਿਸ਼ਨ ਮੁਰਾਰੀ ਵਿਚ ਵਿਛੋੜੇ ਤੇਰੇ
ਹੋਇਆ ਹੈ ਬੇਹਾਲ।
ਤੇਰੇ ਵਾਂਗ ਉਹ ਵੀ ਪਿਆ ਤੜਪੇ
ਲੋਚੇ ਤੇਰਾ ਪਿਆਰ !
ਪਵਨ ਦਖਣੀ ਚੰਦਨ ਭਿੰਨੀ
ਛਡੇ ਜਦ ਮਹਿਕਾਰ।
ਨਾਲ ਕਾਮਨਾ ਭਖ਼ ਰਹੀ ਹੋਵੇ
ਜਦ ਬਸੰਤ ਬਹਾਰ।
ਜੋਬਨ ਰੁੱਤ ਦੀ ਰੂਪ ਖ਼ੁਮਾਰੀ
ਕਰੇ ਤੇਰਾ ਇੰਤਜ਼ਾਰ।

ਰਾਧਾ ਪਿਆਰੀ ! ਕ੍ਰਿਸ਼ਨ ਮੁਰਾਰੀ !
ਜਦ ਮਧੂ ਮੱਖੀਆਂ ਦੀ ਸੁਣਦਾ ਹੈ ਭਿਣਕਾਰ।
ਮੁੰਦ ਲੈਂਦਾ ਤਦ ਕੰਨ ਉਹ ਆਪਣੇ !
ਤੱਕਦਾ ਜਦ ਉਹ ਊਦੇ ਬਦਲ
ਅਤਿ ਸੁੰਦਰ ਮਨਮੋਹਣੇ
ਲੋਚੇ ਫਿਰ ਉਹ ਤੇਰਾ ਮਿੱਠੜਾ ਪਿਆਰ !

ਰਾਧਾ ਪਿਆਰੀ ! ਕ੍ਰਿਸ਼ਨ ਮੁਰਾਰੀ !
ਤੇਰੀ ਖ਼ਾਤਰ ਛੱਡ ਆਇਆ ਹੈ
ਸੁੰਦਰ ਮਹਿਲ ਅਨੂਪ।
ਬਨਾਂ ਵਿਚ ਹੈ ਘੁੰਮਦਾ ਫਿਰਦਾ
ਲਭ ਰਿਹਾ ਹੈ ਤੇਰਾ ਰੂਪ ਮਲੂਕ।
ਡੇਰਾ ਹੈ ਭੋਇੰ ਤੇ ਕੀਤਾ
ਚਿਤਵੇ ਸੋਹਲ ਸਰੂਪ



Sri Satguru Jagjit Singh Ji eLibrary NamdhariElibrary@gmail.com

ਰਾਧਾ ਰਾਧਾ ਵਿਰਦ ਕਰੇਂਦਾ
ਜਪਦਾ ਤੇਰਾ ਨਾਮ !
ਰਾਧਾ ਰਾਧਾ ਕੂਕ ਰਿਹਾ ਹੈ
ਪਾਵੇ ਕਿਵੇਂ ਆਰਾਮ ?

ਰਾਧਾ ਪਿਆਰੀ ! ਕ੍ਰਿਸ਼ਨ ਮੁਰਾਰੀ !
ਸੁਣ ਕੋਇਲ ਦੇ ਬੋਲ।
ਸਮਝ ਕੇ ਰਾਧਾ ਉਸ ਦੇ ਤਾਂਈਂ
ਲਭੇ ਪਿਆ ਅਬੋਲ।
"ਰਾਧਾ ਜਿਵੇਂ ਆ ਗਈ ਹੋਵੇ
ਆਪਣੇ ਪ੍ਰੀਤਮ ਕੋਲ !"
ਪਰ ਪੂਰੀ ਨਾ ਹੋਵੇ ਜਦ ਉਸ ਦੀ ਇਹ
ਅਕਾਰਥ ਟੋਲ,
ਸੁਣ ਜਦ ਫਿਰ ਲੋਕ ਹਸੰਦੇ
ਖ਼ੁਸ਼ੀਆਂ ਨਾਲ ਭਰਪੂਰ।
ਸਮਝੇ ਉਹ ਤਦ ਬੋਲ ਮਰੇਂਦੇ
ਉਸ ਦੇ ਤਾਂਈਂ ਤਾਨੇ ਦੇਣ ਜ਼ਰੂਰ।
ਫਿਰ ਆਪੇ ਹੀ ਜਾਣ ਲਵੇ ਉਹ
ਹਸਦੇ ਲੋਕ ਸਭਿਆਰੇ।
ਆਪਣੇ ਰੰਗ ਵਿਚ ਮਸਤ ਸਨ ਜੋ
ਕਿਸ ਨੂੰ ਕੌਣ ਚਿਤਾਰੇ ?

ਰਾਧਾ ਪਿਆਰੀ ! ਕ੍ਰਿਸ਼ਨ ਮੁਰਾਰੀ !
ਸੁਣੇ ਜਦ ਟਲੀਆਂ ਦੀ ਟੁਣਕਾਰ !
ਉਸ ਨੂੰ ਇੰਝ ਭੁਲੇਖਾ ਪੈਂਦਾ
ਟਣਕ ਰਹੀ ਹੋਵੇ ਜਿਵੇਂ
ਤੇਰੀ ਪਾਇਲ ਦੀ ਝੁਣਕਾਰ !
ਚਾਂਦੀ ਦੇ ਨੂਪਰ ਇੰਝ ਛਣਕਣ
ਜਿਵੇਂ ਤੇਰੀ ਕਮਰ ਦੁਆਲੇ
ਲਟਕਣ ਜੋ ਘੁੰਗਰੂ।
ਮਧੁਰ ਸੰਗੀਤ 'ਚ ਗੂੰਜੇ
ਜਿਵੇਂ ਉਨ੍ਹਾਂ ਦੀ ਗੁੰਜਾਰ।



Sri Satguru Jagjit Singh Ji eLibrary NamdhariElibrary@gmail.com

ਜਦ ਕੋਈ ਭੁਲ ਭੁਲੇਖੇ ਕਿਧਰੇ
ਤੇਰਾ ਨਾਮ ਅਲਾਪੇ
ਬਾਰ ਬਾਰ ਉਹ ਵਿਰਦ ਕਰੇਂਦਾ
ਜਿਵੇਂ ਇਹੋ ਹੀ ਬਣ ਗਿਆ ਹੋਵੇ
ਉਸ ਦੇ ਆਪਣੇ ਪ੍ਰੇਮ ਦਾ ਨਿਜੀ ਗੀਤ !
ਤੈਨੂੰ ਚਿਤਵੇ-ਹੋਰ ਸਭ ਧਿਆਨ ਵਿਸਾਰੇ !
ਉਪਬਨ ਦੇ ਉਸ ਸੁੰਦਰ ਥਾਂ ਨੂੰ
ਯਾਦ ਕਰੇ ਮਨ ਅੰਦਰ।
ਜਿਥੇ ਮਿਲੇ ਤੁਸੀਂ ਸੀ ਦੋਵੇਂ
ਸਜਿਆ ਪ੍ਰੀਤ ਦਾ ਮੰਦਰ।
ਉਪਬਨ ਦੀ ਉਹ ਪਵਿੱਤਰ ਥਾਂ ਪੁਨੀਤ
ਲੋਚੇ, ਲੁਛੇ, ਤੜਪੇ, ਸਿਕੇ,
ਉਸੇ ਪਰੇਮ ਦੇ ਪੈਂਦੇ ਉਹਨੂੰ ਭੁਲਾਵੇ
ਆਪਣੀ ਪ੍ਰੀਤ ਨੂੰ ਫਿਰ ਉਹ ਮੁੜ ਕੇ
ਅੰਗ ਲਗਾਣਾ ਚਾਹੇ।

ਰਾਧਾ ਪਿਆਰੀ ! ਕ੍ਰਿਸ਼ਨ ਮੁਰਾਰੀ !
ਜਾ ਤੂੰ ਉਥੇ
ਜਿਥੇ ਆਪ ਉਹ ਕਰੇ ਤੇਰੀ ਇੰਤਜ਼ਾਰ !
ਰੁਕ ਨਾ ਹੁਣ ਤੂੰ ਇਕ ਪਲ ਪਿਆਰੀ
ਘੜੀ ਸੰਯੋਗ ਦੀ ਆ ਪੁਜੀ ਹੈ
ਮਿਲਣ ਵਾਲਾ ਹੈ ਤੈਨੂੰ ਹੁਣ
ਤੇਰਾ ਮਿਠੜਾ ਪਿਆਰ !
ਜਿਥੇ ਚੰਦਨ ਭਿੰਨੀ ਪਵਨ
ਵੰਡ ਰਹੀ ਮਹਿਕਾਰ।
ਜਿਥੇ ਜਮਨਾ ਵਹਿ ਰਹੀ ਹੈ
ਨੀਲੀ ਪਾਣੀ ਧਾਰ !
ਜਿਥੇ ਮੌਲ ਉਠੀ ਹੈ ਭਰ ਜੋਬਨ ਵਿਚ
ਚਾਰ ਚੁਫੇਰੇ !
ਜੋਬਨ ਰੁਤ ਵਿਚ ਬਸੰਤ ਬਹਾਰ !
ਉਸ ਦੇ ਹੱਥ ਅਦ੍ਰਿਸ਼ਟ ਪਿਆਰ ਵਿਗੁਤੇ,
ਬਿੰਦਰਾਬਨ ਦੀਆਂ ਨਾਰਾਂ ਦੇ ਸੀਨਿਆਂ ਉਪਰ



Sri Satguru Jagjit Singh Ji eLibrary NamdhariElibrary@gmail.com

ਛੁਹ ਰਹੇ ਨੇ ਪ੍ਰੀਤ ਖੁਮਾਰ।
ਰਾਧਾ ਪਿਆਰੀ ਕੈਸਾ ਹੈ ਇਹ
ਉਸ ਕ੍ਰਿਸ਼ਨ ਜੀ ਦਾ ਅਦਭੁਤ ਪਿਆਰ ?
ਰਾਧਾ ਪਿਆਰੀ ਉਠ ਕਰ ਤਿਆਰੀ !
ਜਾ ਪ੍ਰੀਤਮ ਦੇ ਪਾਸ।
ਜਿਸ ਦੇਵ ਨੇ ਸਾਧ ਲਿਆ ਹੈ
ਕਾਮ ਨੂੰ ਕਰਕੇ ਆਪਣੇ ਵਸ।
ਜਿਸ ਦੀ ਕਾਇਆ ਚਮਕ ਰਹੀ ਹੈ
ਉਨ੍ਹਾਂ ਮੋਤੀਆਂ ਮਾਣਕਾਂ ਨਾਲ
ਜਿਸ ਵਿਚ ਲੁਕਿਆ ਦਮਕ ਰਿਹਾ ਹੈ
ਇਸ ਸ੍ਰਿਸ਼ਟੀ ਦਾ ਸੱਚ।
ਇਸ ਜੀਵਨ ਦਾ ਦਾਤਾ ਸੁਆਮੀ
ਨਾਥਾਂ ਦਾ ਸਿਰ ਨਾਥ।
ਖੜ੍ਹਾ ਉਥੇ ਹੈ ਮਹਾਂ ਸ਼ਾਂਤੀ ਦੇ ਰੂਪ ਨੂੰ ਧਾਰ।
ਜਿਥੇ ਪਰੇਮ ਸੰਯੋਗ ਵਿਚ ਪੈਂਦੀ ਹੈ ਠੰਡ ਅਪਾਰ !
ਛੇਤੀ ਕਰ ਪਿਆਰੀ ! ਉਠ ਕਰ ਤਿਆਰੀ !
ਜਾ ਉਸ ਪ੍ਰੀਤ ਦਵਾਰ,
ਜਿਥੇ ਕ੍ਰਿਸ਼ਨ ਮੁਰਾਰੀ ! ਰਾਧਾ ਪਿਆਰੀ !
ਕਰੇ ਤੇਰੀ ਇੰਤਜ਼ਾਰ।
ਉਥੇ ਖੜ੍ਹਾ ਬੁਲਾਂ ਤੇ ਧਰ ਕੇ
ਬੰਸੀ ਆਪਣੀ ਤਾਂਈਂ।
ਤੇਰੇ ਨਾਮ ਦੀ ਫੂਕ ਵਜੇਂਦਾ
ਮਧੁਰ ਗੀਤਾਂ ਦਾ ਸਾਂਈਂ !
ਜਿਸ ਨੂੰ ਉਹ ਧੂੜ ਵੀ ਲਗੇ ਪਿਆਰੀ
ਜੋ ਛੁਹ ਪਾ ਕੇ ਤੇਰੀ।
ਪਵਨਾਂ ਨੇ ਹੈ ਦੂਰ ਦੂਰ ਤਕ ਜਾ ਖਿਲੇਰੀ।
ਉਸ ਦਾ ਕਰੇ ਉਹ ਬੇਹੱਦ ਸਤਿਕਾਰ।
ਕਿਉਂ ਜੋ ਤੇਰਾ ਪਰੇਮ ਵੀ ਹੈ
ਉਸ ਦਾ ਇਕੋ ਇਕ ਅਧਾਰ !
ਰਾਧਾ ਪਿਆਰੀ ! ਕ੍ਰਿਸ਼ਨ ਮੁਰਾਰੀ !
ਯਾਦ ਤੇਰੀ ਵਿਚ
ਹੈ ਇਕ ਸੁੰਦਰ ਸੇਜ ਵਿਛਾਈ।



Sri Satguru Jagjit Singh Ji eLibrary NamdhariElibrary@gmail.com

ਫ਼ੁਲਾਂ ਦਾ ਕਰਕੇ ਅਤਿ ਸੁੰਦਰ ਸ਼ਿੰਗਾਰ
ਚਿਤਵੇ ਮਨ ਵਿਚ ਆਪਣੇ
ਕਦ ਆਵੇਗਾ ਮੁੜ ਕੇ ਆਪਣੇ ਘਰ ਨੂੰ
ਉਸ ਦਾ ਮਿਠੜਾ ਪਿਆਰ!
ਸੰਝ ਵੇਲੇ ਜਦ ਪੰਛੀ ਆ ਆ
ਆਪਣੇ ਆਲ੍ਹਣਿਆਂ ਵਿਚ ਬਹਿੰਦੇ।
ਸਰ ਸਰ ਕਰਦੇ ਪੱਤੇ ਬਨ ਦੇ
ਆ ਕੁਝ ਕੰਨ ਵਿਚ ਕਹਿੰਦੇ
ਤਦ ਫਿਰ ਕ੍ਰਿਸ਼ਨ ਮੁਰਾਰ
ਕਰਕੇ ਤੈਨੂੰ ਯਾਦ!
ਦਿਲ ਵਿਚ ਇਹ ਕੁਝ ਕਹਿੰਦੇ
ਆ ਰਿਹਾ ਹੋਵੇਗਾ ਘਰ ਨੂੰ
ਹੁਣ ਮੇਰਾ ਵੀ ਪਿਆਰ!
ਰਾਧਾ ਪਿਆਰੀ! ਇਸ ਮਧੂਬਨ ਦੀ
ਮੌਨ ਸ਼ਾਂਤੀ ਵਿਚਕਾਰ!
ਪੈਰਾਂ ਦੀਆਂ ਝਾਂਜਰਾਂ ਲਾਹੋ
ਹਨ ਇਹ ਬੇਕਰਾਰ।
ਪੀਆ ਮਿਲਣ ਨੂੰ ਲੋਚ ਰਹੀਆਂ ਨੇ
ਤੇਰੇ ਮਨ ਦੇ ਹਾਰ।
ਕਰ ਲਉ ਹੁਣ ਨਿਸੰਗ
ਇਨ੍ਹਾਂ ਬਨਾਂ ਦੇ
ਡੂੰਘੇ ਪਰਛਾਂਵਿਆਂ ਨੂੰ ਪਾਰ।
ਨੀਲੇ ਕੰਵਲਾਂ ਦਾ ਹੁਣ ਕਰ ਲਉ
ਪਰੇਮ ਸ਼ਿੰਗਾਰ।
ਸਭ ਸੰਸੇ ਜੋ ਦੁਨੀਆਂ ਸੰਦੇ
ਲਾਹੋ ਉਨ੍ਹਾਂ ਦਾ ਭਾਰ।
ਜਾਉ ਆਪਣੇ ਪ੍ਰੀਤਮ ਪਿਆਰੇ ਕੋਲ
ਹੋ ਨਿਰਬੰਧਨ ਨੰਗੀ ਆਤਮਾ ਹਾਰ!
ਜਾਉ ਰਾਧਾ ਪਿਆਰੀ!
ਕ੍ਰਿਸ਼ਨ ਮੁਰਾਰੀ ਜੀ ਦੇ ਅੰਕ ਸਮਾਉ।
ਉਸ ਦੇ ਸੀਨੇ ਉਤੇ ਜਾ ਲੇਟੋ
ਜਿਥੇ ਭਗਤ ਜਨਾਂ ਦੇ ਅਰਪੇ ਹੋਏ



Sri Satguru Jagjit Singh Ji eLibrary NamdhariElibrary@gmail.com

ਸਜੇ ਹਨ ਫੁਲ ਹਾਰ।
ਏਸ ਪਰੇਮ ਸਿੰਘਾਸਨ ਉਤੇ
ਵਿਰਲੇ ਪੁਜਣ ਜਾ।
ਜਿਨ੍ਹਾਂ ਦੇ ਮੱਥੇ ਲਿਖੇ ਹੋਏ ਨੇ
ਧੁਰਾਂ ਦੇ ਸੰਜੋਗ।
ਇਨ੍ਹਾਂ ਸੀਨਿਆਂ ਅੰਦਰ ਭਰਿਆ ਹੈ
ਪਰੇਮ ਅਪਾਰ।
ਜਿਵੇਂ ਸੁਨਹਿਰੀ ਬਦਲਾਂ ਅੰਦਰ
ਭਰੀਆਂ ਅੰਮ੍ਰਿਤ ਬੂੰਦਾਂ
ਵਰ੍ਹਦੀਆਂ ਜੋ ਭਗਤ ਜਨਾਂ ਲਈ
ਬਣ ਕੇ ਮਿਹਰ ਦੀ ਅੰਮ੍ਰਿਤ ਧਾਰ!
ਰਾਧਾ ਪਿਆਰੀ! ਸੋਨ ਸੁਨਹਿਰੀ ਤੇਰੀ ਸੁੰਦਰ ਕਾਂਇਆਂ
ਕਿੰਞ ਸੋਂਹਦੀ ਹੈ ਨੀਲੀਆਂ ਲਹਿਰਾਂ ਦੇ ਸੀਨੇ ਉਪਰ
ਜੋ ਹੈ ਅਨੰਤਾਂ ਤਕ ਪਸਰੀ ਹੋਈ ਮਨਮੋਹਣ ਦੀ ਮਾਇਆ
ਕੰਵਲ-ਨੈਣੀ! ਹੇ ਮਧੂ ਬੈਣੀ!
ਇਸ ਫ਼ੁਲ ਸੇਜਾ ਤੇ ਕਰੋ ਉਸ ਪ੍ਰੀਤਮ ਦਾ ਇੰਤਜ਼ਾਰ!
ਨਗਨ ਖ਼ੁਸ਼ੀ ਦਾ ਲਉ ਰੂਪ ਹੁਣ ਧਾਰ।
ਉਸ ਦੈਵੀ ਸੁੰਦਰਤਾ ਦਾ ਕਰੋ ਇੰਞ ਪਸਾਰ।
ਚਾਂਦੀ ਰੰਗੇ ਅੰਗ ਤੁਹਾਡੇ
ਅਤਿ ਸੋਹਣੇ, ਮਨਮੋਹਣੇ।
ਵੰਡ ਰਹੇ ਨੇ ਮਸਤੀ ਅੰਦਰ
ਪਰੇਮ ਦੀ ਮਹਿਕ ਖ਼ੁਮਾਰ!

ਰਾਧਾ ਪਿਆਰੀ!
ਕ੍ਰਿਸ਼ਨ ਮੁਰਾਰੀ ਵਲ ਛੇਤੀ ਉਠ ਧਾਉ।
ਇਕ ਪਲ ਦੀ ਵੀ ਦੇਰੀ ਹੁਣ ਤਾਂ
ਕਰ ਦੇਵੇਗੀ ਘਾਓ।
ਜੇ ਹੁਣ ਵੀ ਤੁਸੀਂ ਉਸ ਪ੍ਰੀਤਮ ਵਲ
ਕਦਮ ਨਾ ਵਧਾਇਆ।
'ਮਾਣ-ਮੱਤਾ' ਤਦ ਮਾਣ ਓਸ ਦਾ
ਲੁਕ ਜਾਵੇਗਾ ਜਿਵੇਂ ਹੋਵੇ ਉਹ ਛਿਣ-ਭੰਗਰੀ ਛਾਇਆ।
ਰਾਧਾ ਪਿਆਰੀ! ਕਿਉਂ ਨਾ ਤੱਕੋਂ



Sri Satguru Jagjit Singh Ji eLibrary NamdhariElibrary@gmail.com

ਉਸ ਪ੍ਰੀਤਮ ਦੇ ਤੀਰ!
ਤੇਰੇ ਪਰੇਮ ਵਿਯੋਗ ਦੇ ਅੰਦਰ
ਥਕ ਗਿਆ ਜੋ ਹੁੱਟ ਗਿਆ ਹੈ
ਹੋ ਗਿਆ ਅਤਿ ਅਧੀਰ।
ਪਲ ਪਲ ਪਿਛੋਂ ਹਉਕੇ ਭਰਦਾ
ਲੈਂਦਾ ਉਭੇ ਸਾਹ।
ਅੱਖਾਂ ਉਸਦੀਆਂ ਥੱਕ ਚੁਕੀਆਂ ਨੇ
ਤੱਕ ਤੱਕ ਤੇਰਾ ਰਾਹ।
ਮੁੜ ਮੁੜ ਜਾਵੇ ਕੁੰਜ-ਗੋਸ਼ੇ ਉਹ
ਚਿਤ ਨੂੰ ਦਏ ਧਰਵਾਸ।
ਮਨ ਹੀ ਮਨ ਉਹ ਕਰੇ ਸੁਆਗਤ
ਤੇਰੇ ਆਉਣ ਦਾ
ਰਖੇ ਦਿਲ ਵਿਚ ਆਸ!
ਕਮਲੀ ਝਲ ਵਲੱਲੀ ਰਾਧਾ!
ਉਠ ਛੇਤੀ ਨੱਸ ਚਲ!
ਆਪਣੇ ਪ੍ਰੀਤਮ ਨੂੰ ਮਿਲ ਜਾ ਕੇ
ਰੁਕ ਨਾ ਇਕ ਵੀ ਪਲ!
ਜਾਣ ਸਖੀ ਤੂੰ ਸਮਝ ਕੁਝ
ਮੇਰੀ ਵੀ ਇਕ ਗੱਲ!
ਸਾਰਾ ਦਿਹੁੰ ਬੀਤ ਗਿਆ ਹੈ
ਪਸਰੀ ਸੰਝ ਇਕੱਲ!
ਮਿਲਣ ਘੜੀ ਹੁਣ ਆ ਪੁਜੀ ਹੇ
ਸੰਜੋਗਾਂ ਦੀ ਜੋ ਗੱਲ!
ਚਲ ਸਖੀ ਰਾਧਾ ਨੀ ਪਿਆਰੀ!
ਪੀਆ ਮਿਲਣ ਲਈ ਚਲ!
ਮਿਠੜਾ ਪਿਆਰ ਮਿਲਣ ਦਾ ਜੋ ਹੈ
ਅਤਿ ਕੋਮਲ ਅਨੰਦ!
ਮਾਣ ਲੈ ਸਖੀ ਨੀ ਚਲ ਕੇ
ਅਤਿ ਰਮਣੀਕ ਜੋ ਪਲ!
ਕਿੰਨਾ ਮਿਠੜਾ ਸੁਆਦ ਇਸ ਮਿਲਣ ਦਾ
ਜਿਵੇਂ ਦੋ ਅਣਜਾਣੇ ਇਸਤਰੀ ਤੇ ਪੁਰਸ਼
ਮਿਲਣ ਜਿਵੇਂ ਉਹ ਇਕ ਰਾਤ ਨੂੰ



Sri Satguru Jagjit Singh Ji eLibrary NamdhariElibrary@gmail.com

ਅਣਜਾਣੇ ਥਾਂ ਉਤੇ
ਮਾਨਣ ਪਿਆਰ ਅਨੰਦ!
ਉਸ ਵਿਚ ਇਕੱਲ
ਅਣਜਾਣੇ ਉਹ ਸੁਣਦੇ ਹੋਵਣ
ਜਿਵੇਂ ਕਦਮਾਂ ਦੀ ਚਾਪ
ਚਲ ਕੇ ਆਈ ਜੋ ਕੋਲ ਉਨ੍ਹਾਂ ਦੇ
ਪਰਮ ਸੁੰਦਰਤਾ ਦੀ ਅਤਿ-ਮਨਮੋਹਣੀ ਝਾਤ।
ਮਿੱਠਾ ਪਰੇਮ ਅਨੰਦ!
ਜਿਵੇਂ ਰੱਬ ਤੇ ਮਾਨਵ ਮਿਲਦੇ ਇਕ ਦੂਜੇ ਨੂੰ
ਵਿਚ ਵਿਸਮਾਦ।
ਸ਼ਾਂਤ ਇਕੱਲ ਵਿਚ ਪਸਰਿਆ ਹੋਵੇ
ਜਿਥੇ ਅਨੰਤਾਂ ਤਕ ਮਹਾਂ ਮੌਨ!
ਉਸ ਪਰੇਮ ਨੂੰ ਮਾਣ ਲੈ ਸਖੀਏ!
ਹੁਣ ਰੋਕਣ ਵਾਲਾ ਕੌਣ ?

(ਪਰ ਰਾਧਾ ਖ਼ੁਸ਼ੀ ਵਿਚ ਅਤਿ ਨਿਢਾਲ ਹੋਈ ਜਾਣ ਤੋਂ ਅਸਮਰਥ ਹੈ। ਇਸ ਲਈ ਸਖੀ ਉਸ ਨੂੰ ਉਥੇ ਬਿਠਾ ਕੇ ਫਿਰ ਸ਼੍ਰੀ ਕ੍ਰਿਸ਼ਨ ਜੀ ਕੋਲ ਜਾਂਦੀ ਹੈ।)



Sri Satguru Jagjit Singh Ji eLibrary NamdhariElibrary@gmail.com

## ਪੰਜ

(ਸ਼੍ਰੀ ਕ੍ਰਿਸ਼ਨ ਜੀ ਚੰਬੇਲੀ-ਕੁੰਜ ਵਿਚ ਬਿਰਾਜਮਾਨ ਹਨ।)

(ਸਖੀ ਪੁਜਦੀ ਹੈ।)

ਸਖੀ : ਸ਼੍ਰੀ ਕ੍ਰਿਸ਼ਨ ਜੀ!
ਰਾਧਾ ਜੀ ਦੇ ਯਾਕੂਤੀ ਹੋਠਾਂ ਦੀ ਅੰਮ੍ਰਿਤ ਫੁਹਾਰ
ਦੇ ਤੁਸੀਂ ਪੀਵਣ ਵਾਲੇ ਰਸ ਰਸੀਆ ਰਸਾਲ!
ਤੁਹਾਡੇ ਪਰੇਮ ਵਿਚ ਵਿਗੁਤੀ ਰਾਧਾ ਹੋ ਗਈ ਹੈ ਨਿਢਾਲ।
ਉਸ ਇਕੱਲੇ ਕੁੰਜ-ਗੋਸ਼ੇ ਵਿਚ ਕਰੇ ਤੁਹਾਡੀ ਇੰਤਜ਼ਾਰ!
ਅਤਿ ਤੀਬਰਤਾ ਨਾਲ!
ਆ ਨਹੀਂ ਸਕਦੀ ਉਹ ਵਿਚਾਰੀ ਹੁਣ ਤੁਹਾਡੇ ਕੋਲ।
ਤੁਹਾਡੇ ਮਿਲਣ ਦੀ ਪਰੇਮ ਸਿਕ ਨੇ
ਉਸ ਦੇ ਕੋਮਲ ਅੰਗਾਂ ਉਤੇ
ਜਾਦੂ ਦਿਤਾ ਘੋਲ!
ਪਰੇਮ ਭਾਰ ਹੇਠ ਉਹ ਦੱਬੀ
ਪੁਜ ਨਾ ਸਕੇ ਉਹ ਹੁਣ ਤੁਹਾਡੇ ਕੋਲ!
ਪੀੜਾਂ ਲੱਦੀ ਕਾਇਆਂ ਉਸ ਦੀ
ਵਿਚ ਤੁਹਾਡਾ ਪਿਆਰ
ਹਾਲ ਵੀ ਹੈ ਜੋਤ ਜਗਾਵੇ
ਇਕ ਦੀਪਕ ਦੇ ਹਾਰ।
ਉਸ ਦਾ ਬਣ ਚੁਕਿਆ ਹੈ
ਇਸ ਪ੍ਰੀਤ ਉਤੇ ਅਟੱਲ ਵਿਸ਼ਵਾਸ।
ਮੇਰੇ ਪ੍ਰੀਤਮ ਆਣ ਮਿਲਣਗੇ
ਰਖੇ ਪੂਰਨ ਆਸ!
ਬਾਲਾਂ ਵਾਲੀ ਖੁਸ਼ੀ ਪਵਿੱਤਰ
ਵਿਚ ਆ ਕੇ ਉਸ
ਚਿੱਟੇ ਚੰਬੇ ਦੇ ਫ਼ੁੱਲਾਂ ਦੇ ਹਨ
ਗਜਰੇ ਆਪ ਬਣਾਏ।
ਪੀਆ ਮਿਲਣ ਦੀ ਆਸ ਉਤੇ



Sri Satguru Jagjit Singh Ji eLibrary NamdhariElibrary@gmail.com

ਉਸ ਆਪਣੇ ਹਥੀਂ ਆਪ ਸਜਾਏ !
ਤੁਹਾਡੇ ਪਰੇਮ-ਵਿਗੁਤੀ ਉਹ
ਇਸ ਤਰ੍ਹਾਂ ਬੇ-ਸੁਧ ਹੋਈ।
ਆਖੇ ਮੈਂ ਹੀ ਸ੍ਰੀ ਕ੍ਰਿਸ਼ਨ ਹਾਂ
ਹੋਰ ਨਾ ਜਾਣੇ ਕੋਈ !
ਫਿਰ ਉਹ ਪਰੇਮ ਵਜਦ ਵਿਚ ਆ ਕੇ
ਵਾਂਗਰ ਇਕ ਦੀਵਾਨੀ
ਗਾਵੇ !
"ਕਿਉਂ ਆਇਆ ਨਹੀਂ ਹੁਣ ਤਕ ਮੇਰੇ
ਦਿਲ ਦਾ ਪ੍ਰੀਤਮ ਜਾਨੀ !
ਆਖੇ ਕਿਉਂ ਨਾ ਸੁਣਦਾ ਪਿਆਰੇ
ਤੂੰ ਇਹ ਮੇਰੇ ਬੋਲ,
ਆ ਜਾ ਮੇਰੇ ਪ੍ਰੀਤਮ ਪਿਆਰੇ
ਕੋਈ ਨਹੀਂ ਹੈ ਹੋਰ ਜਦ ਮੇਰੇ ਕੋਲ ?"
ਸੰਝ ਸਮੇਂ ਜਦ ਕਾਲੇ ਬਦਲਾਂ ਤਾਂਈਂ ਤੱਕਾਂਦੀ
ਡਰ ਕੇ ਸਹਿਮ ਜਾਂਦੀ ਹੈ ਤਦ ਉਹ
ਆਖੇ ਕਿੰਝ ਬਚਾਂਗੀ ?
ਕੂਕ ਉਠੇ ਵਿਚ ਖੁਸ਼ੀ ਦੇ
ਆਖੇ "ਕ੍ਰਿਸ਼ਨ ਪਧਾਰੇ !"
ਨੱਸ ਪਏ ਉਨ੍ਹਾਂ ਬਦਲਾਂ ਦੇ ਪਿਛੇ
ਆਏ ਕ੍ਰਿਸ਼ਨ ਮੇਰੇ ਪਿਆਰੇ !
ਏਦਾਂ ਕਰੇ ਤੁਹਾਡਾ ਸੁਆਗਤ
ਵਿਚ ਇਕੱਲ ਨਿਆਰੇ।
ਪਿਛੋਂ ਆ ਜੱਫੀ ਨਾ ਪਾਵਣ
ਏਦਾਂ ਮਨ ਵਿਚ ਧਾਰੇ !
ਇਸ ਖੁਸ਼ੀ ਦੀ ਮਸਤੀ ਅੰਦਰ
ਬਸਤਰ ਸਭ ਉਤਾਰੇ।
ਪਰ ਜਦ ਉਸ ਮਸਤ ਪਲਾਂ ਵਿਚ
ਤੁਸੀਂ ਨਾ ਨਜ਼ਰੀ ਆਉ।
ਜ਼ਾਰ ਜ਼ਾਰ ਉਹ ਰੋ ਪੈਂਦੀ ਹੈ;
ਕੂਕੇ ਪੀਆ ਜੀ ਆਉ !



Sri Satguru Jagjit Singh Ji eLibrary NamdhariElibrary@gmail.com

## ਛੇ

(ਰਾਧਾ ਆਪਣੇ ਧਿਆਨ ਵਿਚ ਬੈਠੀ ਚਿਤਵਨ ਕਰ ਰਹੀ ਹੈ।)

ਰਾਧਾ : ਪ੍ਰੀਤਮ ਹੁਣ ਤਕ ਵੀ ਨਹੀਂ ਆਏ!
ਮਿਲਣ ਕੁੰਜ ਉਦਾਸ ਇਕੱਲਾ
ਚਿਤ ਨੂੰ ਆਣ ਡੁਲਾਏ!
ਕਿਸ ਕੰਮ ਇਹ ਸੁੰਦਰ ਰੂਪ ਅਨੂਪ!
ਕਿਸ ਕੰਮ ਛੈਲ ਜਵਾਨੀ ਸੋਹਲ ਮਲੂਕ!
ਸਖੀਆਂ ਮੈਨੂੰ ਹੈ ਕੀਤਾ ਗੁਮਰਾਹ
ਛੱਡ ਗਈਆਂ ਹਨ ਵਿਚ ਸੁੰਞ ਉਜਾੜ
ਕਿਸ ਦੀ ਲਵਾਂ ਪਨਾਹ?
ਪ੍ਰੀਤਮ ਹੁਣ ਤਕ ਵੀ ਨਹੀਂ ਆਏ!
ਮਿਲਣ-ਕੁੰਜ ਉਦਾਸ ਇਕੱਲਾ
ਚਿਤ ਨੂੰ ਆਣ ਡੁਲਾਏ!
ਉਹ ਪ੍ਰੀਤਮ ਹੁਣ ਤਕ ਨਹੀਂ ਹੈ ਆਇਆ
ਜਿਸ ਦੀ ਖ਼ਾਤਰ ਮੈਂ ਇਸ ਬਨ ਨੂੰ
ਅਜ ਦੀ ਰਾਤ ਸੀ ਘਰ ਬਣਾਇਆ
ਹੁਣ ਤਾਂ ਮਰਨ ਘੜੀ ਹੈ ਨੇੜੇ ਆਈ!
ਕਿੰਞ ਬਚਾਂਗੀ ਇਸ ਬਨ ਅੰਦਰ
ਕਾਲੀ ਰਾਤ ਸਿਰ ਤੇ ਹੈ ਛਾਈ।
ਪ੍ਰੀਤਮ ਸਮਝੇ ਜਿਵੇਂ ਮੈਂ ਹੋਵਾਂ
ਇਸ ਬਨ ਦੀ ਕੋਈ ਵੇਲ,
ਕਰਦਾ ਨਹੀਂ ਉਹ ਮੇਰਾ ਕੁਝ ਖ਼ਿਆਲ
ਕਿਵੇਂ ਮਨਾਂ ਮੈਂ ਉਸ ਨੂੰ ਆਪਣੀ
ਪ੍ਰੀਤ ਦਾ ਭਿਆਲ?
ਮੇਰੀ ਉਸ ਨੇ ਪਰੇਮ-ਜੋਦੜੀ
ਕੋਈ ਨਹੀਂ ਹੈ ਜਾਣੀ!
ਮੇਰੀ ਸਾਰ ਲੈਣ ਨਹੀਂ ਆਇਆ



Sri Satguru Jagjit Singh Ji eLibrary NamdhariElibrary@gmail.com

ਪ੍ਰੀਤ ਨਾ ਉਸ ਪਛਾਣੀ।
ਬਾਗ਼ਾਂ ਦੇ ਬਨ ਦੀ ਕੁੰਜ ਅੰਦਰ
ਵਿਚ ਇਸ ਇਕਾਂਤ
ਆ ਕੇ ਉਸ ਨੇ ਦਰਸ ਨਾ ਦਿਤਾ
ਪਿਆਰ ਨਾ ਕੀਤਾ ਸ਼ਾਂਤ,
ਫਿਰ ਕੀ ਹੈ ਉਸ ਰਾਸ ਰਚਾਈ
ਬਿੰਦਰਾਬਨ ਦੇ ਅੰਦਰ ?
ਕਿਸੇ ਰੂਪਮਤੀ ਵਧ ਮੈਥੋਂ ਜਕੜਿਆ
ਪਰੇਮ ਦੇ ਅੰਦਰ ?
ਕੀ ਕੋਈ ਗੀਤ ਜਾਂ ਨਾਚ ਕਿਸੇ ਨੇ
ਹੈ ਉਸ ਦਾ ਮਨ ਮੋਹਿਆ ?
ਜਾਂ ਕਿਸੇ ਇਕ ਸੁੰਦਰ ਤੱਕਣੀ
ਮਸਤੀ ਦੇ ਝਲਕਾਰੇ ?
ਜਾਂ ਗੋਪੀਆਂ ਦੇ ਕਿਸੇ ਝੁੰਡ ਨੇ
ਉਸ ਦੇ ਮਨ ਨੂੰ ਖੋਹਿਆ ?
ਜਾਂ ਫਿਰ ਇਸ ਵਿਚ ਰੈਣ ਅਧਿਕਾਰੀ।
ਉਹ ਹੈ ਰਾਹ ਨੂੰ ਭੁਲਿਆ।
ਲਭਦਾ ਫਿਰਦਾ ਮੈਂ ਤਤੜੀ ਨੂੰ
ਗ਼ਮ ਦੇ ਅੰਦਰ ਘੁਲਿਆ ?

(ਸਖੀ ਦਾ ਪ੍ਰਵੇਸ਼)

(ਰਾਧਾ ਉਸ ਨੂੰ ਸੰਬੋਧਨ ਕਰਦੀ ਹੈ।)

ਸਖੀ ! ਸੁਣ ਮੇਰੀ ਅਰਜੋਈ
ਮੇਰੇ ਕ੍ਰਿਸ਼ਨ ਪਿਆਰੇ ਤਾਂਈਂ
ਕਿਤੇ ਤੂੰ ਤੱਕਿਆ ਈ ?
ਨਾਚ ਨਚਾਵੇ, ਰਾਸ ਰਚਾਵੇ
ਜਾਂ ਫਿਰ ਮੈਥੋਂ ਵੱਧ ਰੂਪਮਤੀ ਨੇ
ਉਸ ਨੂੰ ਹੈ ਭਰਮਾਇਆ,
ਪਰੇਮ ਫਾਹੀ ਵਿਚ ਫਾਹ ਕੇ
ਆਪਣੇ ਕੋਲ ਬਹਾਇਆ ?
ਕੀ ਵਧ ਕੇ ਹੈ ਉਸ ਦੀ ਮੈਥੋਂ ਪਰੇਮਾ ਭਗਤੀ ?



Sri Satguru Jagjit Singh Ji eLibrary NamdhariElibrary@gmail.com

ਜਿਸ ਦੀ ਖ਼ਾਤਰ ਉਸ ਨੇ ਮੈਨੂੰ ਹੈ ਭੁਲਾਇਆ ?
ਸਖੀ ਨੀ ਉਹ ਮੇਰੇ ਕੋਲ ਨਹੀਂ ਆਇਆ ?
ਵੇਖ ਸਖੀ ਨੀ ਕਿੰਝ ਚੰਦਰਮਾ
ਪਰੇਮ ਭਾਵ ਜਗਾਏ
ਸੀਤਲ ਉਸ ਦੀ ਠੰਢ ਪਿਆਰੀ
ਪਰੇਮ ਦਾ ਸੰਗ ਨਿਭਾਏ !
ਵੇਖ ਸਖੀ ਨੀ ਚੰਦ ਦਾ ਮੁੱਖੜਾ
ਕ੍ਰਿਸ਼ਨ ਵਾਂਗ ਦਰਮਾਂਦਾ।
ਵਿਚ ਵਿਛੋੜੇ ਪੀਲਾ ਪੈ ਗਿਆ
ਜਿਵੇਂ ਮੁੱਖ ਕ੍ਰਿਸ਼ਨ ਦਾ !
ਇਹ ਚੰਦਰਮਾ ਉਸ ਦੇ ਮੁੱਖ ਦੀ
ਮੁੜ ਮੁੜ ਯਾਦ ਜਗਾਏ।
ਪੀੜ ਪਰੇਮ ਦੀ ਡੂੰਘੀ ਹੋ ਗਈ
ਜਿਉਂ ਜਿਉਂ ਯਾਦ ਸਤਾਏ !
ਸਖੀ ਨੀ ਮੇਰੇ ਪ੍ਰੀਤਮ ਹੁਣ ਤਕ
ਕਿਉਂ ਨਹੀਂ ਆਏ ?
ਮਿਲਣ ਕੁੰਜ ਉਦਾਸ ਇਕੱਲਾ
ਚਿਤ ਨੂੰ ਆਣ ਡੁਲਾਏ !

(ਰਾਧਾ ਤੋਂ ਦੂਰ ਇਥੇ ਇਕ ਦ੍ਰਿਸ਼ ਦਿਖਾਈ ਦਿੰਦਾ ਹੈ, ਜਿਸ ਵਿਚ ਸ਼੍ਰੀ ਕ੍ਰਿਸ਼ਨ ਜੀ ਆਪਣੀਆਂ ਗੋਪੀਆਂ ਸੰਗ ਰਾਸ ਰਚਾ ਰਹੇ ਹਨ।)

(ਰਾਧਾ ਸਖੀ ਨੂੰ ਸੰਬੋਧਨ ਕਰਦੀ ਹੈ।)

ਵੇਖ ਸਖੀ ! ਮੇਰਾ ਕ੍ਰਿਸ਼ਨ ਪਿਆਰਾ
ਚੰਨ ਚਾਨਣੀ ਰਾਤ ਦੇ ਅੰਦਰ
ਜਮਨਾ ਕੰਢੇ ਘੁੰਮਦਾ।
ਗੋਪੀ ਉਸ ਦੀ ਨਾਰ ਪਿਆਰੀ
ਮੁੱਖੜਾ ਜਿਸ ਦਾ ਪ੍ਰੇਮ ਨਸ਼ੇ ਵਿਚ
ਖੀਵਾ-ਚਮਕੇ-ਦਮਕੇ।
ਉਸੇ ਨੂੰ ਉਹ ਮਸਤੀ ਦੇ ਵਿਚ ਚੁੰਮਦਾ।
ਆਪਣੇ ਹੱਥਾਂ ਨਾਲ ਉਹ ਉਸ ਦੇ
ਮਸਤਕ ਉਤੇ ਕੇਸਰ ਤਿਲਕ ਲਗਾਵੇ।



Sri Satguru Jagjit Singh Ji eLibrary NamdhariElibrary@gmail.com

ਜਿਵੇਂ ਚਿਤਰਕਾਰ ਕੋਈ ਸ੍ਰਿਸ਼ਟੀ ਦੀ
ਰਚਨਾ ਵੇਲੇ ਚੰਦਰ ਆਕਾਰ ਸਜਾਵੇ।
ਉਸ ਚਿੱਟੀ ਤਲ-ਭੂਮੀ ਉੱਤੇ
ਕਾਲਾ ਦਾਗ ਫਬਾਵੇ!
ਵੇਖ ਸਖੀ! ਮੇਰਾ ਕ੍ਰਿਸ਼ਨ ਪਿਆਰਾ
ਹੋਰ ਨਾਰ ਨੂੰ ਚਾਹਵੇ।
ਉਸ ਦੇ ਕੇਸਾਂ ਅੰਦਰ ਪੀਆ ਵਾਸਾ ਦੇ
ਫੁਲਾਂ ਨੂੰ ਪਿਆ ਸਜਾਵੇ।
ਜਿਸ ਦੀ ਚਮਕ ਬਿਜਲੀ ਦੇ ਵਾਂਗਰ
ਚਕਾ ਚੌਂਦ ਕਰ ਜਾਵੇ!
ਪ੍ਰੇਮ ਵਿਗੁਤਾ ਮੇਰਾ ਕ੍ਰਿਸ਼ਨ ਪਿਆਰਾ
ਤੱਕ ਕਿਵੇਂ ਉਸ ਦੇ ਕੇਸਾਂ ਤਾਂਈ ਸ਼ਿੰਗਾਰੇ?
ਜਿਸ ਵਿਚ ਕਾਮ ਸਦੀਵੀ ਛਿਪਿਆ
ਛੱਡੇ ਪ੍ਰੇਮ ਚਿੰਗਆੜੇ!
ਵੇਖ ਸਖੀ! ਮੇਰਾ ਕ੍ਰਿਸ਼ਨ ਪਿਆਰਾ
ਹੋਰ ਨਾਰ ਨੂੰ ਚਾਹਵੇ।
ਜਿਸ ਦੇ ਸੀਨੇ ਕੇਸਰ ਭਿੰਨੇ
ਭਰਦੇ ਪਏ ਹੁੰਗਾਰੇ।
ਉਸ ਵਿਚ ਸਖੀ ਉਹ ਮਾਣਕ ਪਿਆ ਸ਼ਿੰਗਾਰੇ
ਹੱਥਾਂ ਦੀ ਕੋਮਲ ਛੂਹ ਉਸ ਦੀ
ਦੋ ਚੰਦਰ ਅਕਾਰਾਂ ਦੁਆਲੇ
ਤਾਰਿਆਂ ਦਾ ਝੁਰਮਟ ਬਣ ਆਈ
ਜਿਵੇਂ ਸ੍ਰਿਸ਼ਟੀ ਦੇ ਆਦਿ ਸਮੇਂ ਸੀ
ਭਗਵਨ ਖੇਲ ਰਚਾਈ।
ਵੇਖ ਸਖੀ! ਮੇਰਾ ਕ੍ਰਿਸ਼ਨ ਪਿਆਰਾ
ਹੋਰ ਨਾਰ ਨੂੰ ਚਾਹਵੇ।
ਉਸ ਦੇ ਸੰਗ ਹੈ ਤੁਰਦਾ ਜਾਂਦਾ
ਐਵੇਂ ਸਮਾਂ ਲੰਘਾਏ।
ਬੜਾ ਵਿਨੋਦੀ ਪ੍ਰੀਤਮ ਚੋਜੀ
ਉਸ ਦੀਆਂ ਕੋਮਲ ਬਾਹਾਂ
ਕੰਵਲ-ਡੰਡੀ ਦੇ ਵਾਂਗ ਜੋ ਸੂਖਮ
ਚਿੱਟੀਆਂ ਬਰਫ਼ ਦੇ ਹਾਰ।



Sri Satguru Jagjit Singh Ji eLibrary NamdhariElibrary@gmail.com

ਕੰਵਲ ਹੱਥਾਂ ਸੰਗ ਖੇਡ ਰਿਹਾ ਹੈ
ਜਿਸ ਤੇ ਆ ਬੈਠਾ ਹੈ ਕਾਲਾ ਭੌਰ ਮਤਵਾਲਾ
ਚਿਤਰ ਅਦਭੁਤ ਰਚ ਰਿਹਾ ਹੈ
ਮੇਰਾ ਪ੍ਰੀਤਮ ਪਿਆਰਾ!
ਮੋਤੀ ਜੜੇ ਗਜਰੇ ਹੱਥ ਲੈ ਕੇ
ਪਾਵੇ ਉਸ ਦੀਆਂ ਬਾਂਹੀਂ!
ਵੇਖ ਸਖੀ! ਮੇਰਾ ਕ੍ਰਿਸ਼ਨ ਪਿਆਰਾ
ਹੋਰ ਨਾਰ ਨੂੰ ਚਾਹਵੇ।
ਨਗਨ ਨਾਰ ਸੰਗ ਖੇਲ ਰਿਹਾ ਹੈ
ਉਸ ਦੀ ਕਮਰ ਦੁਆਲੇ ਹੀਰਿਆਂ ਜੜੇ
ਕਮਰਕੱਸੇ ਨੂੰ ਪਿਆ ਪਹਿਨਾਵੇ।
ਉਥੋਂ ਉਹ ਹੇਠਾਂ ਵਲ ਤੱਕੇ
ਜਿਥੇ ਕਾਮ-ਦੇਵ ਦਾ ਸੁਹਨ-ਸੁਨਹਿਰੀ
ਹੈ ਸਿੰਘਾਸਨ ਵਿਛਿਆ!
ਵੇਖ ਸਖੀ! ਮੇਰਾ ਕ੍ਰਿਸ਼ਨ ਪਿਆਰਾ
ਬਲਦੇਵ ਦਾ ਭਰਾਤਾ ਸੁੰਦਰ ਰਾਸ ਰਚਾਵੇ।
ਸੈਆਂ ਨਾਰਾਂ ਸੰਗ ਕੋਲ ਕਰੇਂਦਾ
ਹਰ ਇਕ ਤਾਂਈਂ ਚਾਹਵੇ!
ਵੇਖ ਸਖੀ! ਮੈਂ ਕਿਉਂ ਉਸ ਪ੍ਰੀਤਮ ਨੂੰ
ਇਥੇ ਖੜੀ ਉਡੀਕਾਂ!
ਕਿਸ ਕੰਮ ਮੇਰਾ ਸੁੰਦਰ ਸੁਹਲ ਸਰੀਰ
ਜੇਕਰ ਪ੍ਰੇਮ ਖਿਚ ਵਿਚ ਉਸ ਦੀ
ਹੋ ਰਹੀ ਮੈਂ ਅਧੀਰ!

**ਸਖੀ :** ਰਾਧਾ ਪਿਆਰੀ! ਸਖੀ ਨਿਆਰੀ!
ਜੇ ਉਹ ਸਾਂਵਲਾ ਗਭਰੂ
ਤੇਰੀ ਪ੍ਰੀਤ ਦੀ ਖਾਤਰ ਇਥੇ ਨਹੀਂ ਹੈ ਆਇਆ
ਤਾਂ ਫਿਰ ਕਿਉਂ ਹੈ ਤੇਰਾ ਚਿਤ ਇੰਝ ਘਬਰਾਇਆ?
ਕਿਉਂ ਤੂੰ ਹੋਵੇਂ ਅਧੀਰ, ਸੋਗੀ ਤੇ ਦਿਲਗੀਰ?
ਇਹ ਹੈ ਉਸ ਦੇ ਮਨ ਦੀ ਮੌਜ।
ਸੈਆਂ ਨਾਰਾਂ ਦੇ ਨਾਚਾਂ ਸੰਗ ਉਹ
ਕਰ ਰਿਹਾ ਹੈ ਚੋਜ।



Sri Satguru Jagjit Singh Ji eLibrary NamdhariElibrary@gmail.com

ਵੇਖ ਕਿਵੇਂ ਮੇਰਾ ਮਨ ਹੋ ਕੇ ਬਹੁਤ ਵਿਸ਼ਾਲ।
ਪ੍ਰੇਮ ਰੂਪ ਵਿਚ ਫੈਲ ਗਿਆ ਹੈ
ਫਿਰਦਾ ਹਰ ਦਮ ਹਰ ਥਾਂ ਉਸ ਦੇ ਨਾਲ !
ਕਿਉਂ ਤੂੰ ਇਸ ਕੁੰਜ-ਗੋਸ਼ੇ ਬੈਠੀ
ਉਸ ਦਾ ਕਰੇਂ ਇੰਤਜ਼ਾਰ ?
ਆਪਣੇ ਪ੍ਰੇਮ ਨੂੰ ਕਿਉਂ ਨਾ ਕਰੇਂ ਤੂੰ ਵਿਸ਼ਾਲ
ਹਰ ਥਾਂ ਉਸ ਦੇ ਨਾਲ ਰਮ ਫਿਰ ਤੂੰ
ਪਾ ਉਸ ਦੀ ਪ੍ਰੀਤ ਦੇ ਨਾਲ ਭਿਆਲ ?

ਰਾਧਾ : ਸਖੀਏ ! ਜਿਸ ਨਾਰ ਨੇ ਤੱਕਿਆ
ਮੇਰਾ ਕ੍ਰਿਸ਼ਨ ਭਤਾਰ !
ਸੁੰਦਰ ਉਸ ਦੇ ਨੈਣ ਹਨ
ਖਿੜੇ ਜੋ ਕੰਵਲਾਂ ਹਾਰ !
ਉਸ ਤੋਂ ਸਖੀਏ ਮੇਰੀਏ
ਕਾਮਦੇਵ ਦੇ ਤੀਰ,
ਕਰ ਨਹੀਂ ਸਕਦੇ ਮਾਰ।
ਸੁਣ ਨੀ ਸਖੀਏ ਮੇਰੀਏ !
ਪੁਸ਼ਪ-ਸੇਜ ਹੰਢਾ ਲਵੇ
ਉਸ ਦੇ ਸੰਗ ਜੋ ਨਾਰ
ਪਹੁ ਨਾ ਸਕਦੇ ਉਸ ਨੂੰ
ਫਿਰ ਗ਼ਮਾਂ ਦੇ ਭਾਰ।
ਸੁਣ ਨੀ ਸਖੀਏ ਪਿਆਰੀਏ !
ਜਿਸ ਸੁਣ ਲਏ ਉਸ ਦੇ ਬੈਣ।
ਮਧੁ-ਰਸ ਅੰਮ੍ਰਿਤ ਭਰੇ
ਕਲੀਉਂ ਸੂਖਮ ਹੋਣ।
ਉਸ ਨੂੰ ਚਿੰਤਾ ਰਹੇ ਨਾ
ਨਹੀਂ ਗੁਆਚੇ ਚੈਨ।
ਪਵਨ ਦਖਣ ਦੇਸ਼ ਦੀ
ਭਰੀ ਸੁਗੰਧਾਂ ਨਾਲ
ਨਹੀਂ ਸਤਾਉਂਦੀ ਉਸ ਨੂੰ
ਫਿਰ ਪ੍ਰੀਤਾਂ ਦੀ ਯਾਦ।
ਸੁਣ ਨੀ ਸਖੀਏ ਮੇਰੀਏ !



Sri Satguru Jagjit Singh Ji eLibrary NamdhariElibrary@gmail.com

ਉਸ ਦੇ ਕੋਮਲ ਹੱਥਾਂ ਦੀ
ਛਹੁ ਮਾਣੀ ਜਿਸ ਨਾਰ !
ਪਗ ਪੁਸ਼ਪਾਂ ਦੀ ਛਹੁ ਤੋਂ
ਜਾਵਾਂ ਮੈਂ ਬਲਿਹਾਰ।
ਚੰਨ-ਰਿਸ਼ਮਾਂ ਦੀ ਕਹਿੰਦੀਆਂ
ਉਸ ਨੂੰ ਨਾਲ ਪਿਆਰ।
ਮਾਣੀ ਉਸ ਦੀ ਪ੍ਰੀਤ ਜਿਨ
ਭਾਗਭਰੀ ਉਹ ਨਾਰ !
ਸੁਣ ਨੀ ਸਖੀਏ ਪਿਆਰੀਏ !
ਜਿਸ ਨਾਰੀ ਨੇ ਚਖਿਆ
ਉਸ ਦਾ ਮਿਠੜਾ ਪਿਆਰ।
ਜਿਸ ਦਾ ਰੰਗ ਮਨਮੋਹਣਾ
ਊਦੇ ਬਦਲਾਂ ਹਾਰ।
ਉਸ ਨੂੰ ਮੂਲ ਨਾ ਡੰਗਦੀ
ਬਿਹਰਾ ਦੀ ਤੇਜ਼ ਕਟਾਰ।
ਨਾ ਇਹ ਪੀੜ ਪ੍ਰੇਮ ਦੀ
ਕਰਦੀ ਹੈ ਸੋਗਵਾਰ।
ਸੁਣ ਨੀ ਸਖੀਏ ਮੇਰੀਏ !
ਜਿਸ ਨਾਰੀ ਦੀ ਪ੍ਰੀਤ ਨੂੰ
ਸਮਝ ਸੋਨੇ ਦੀ ਤਾਰ।
ਬਾਰੇ ਵਿਚੋਂ ਕਢਿਆ
ਸ਼ੁਧ ਕੁੰਦਨ ਦੇ ਹਾਰ।
ਉਸ ਪ੍ਰੀਤਮ ਨੇ ਆਪ ਹੀ
ਘੜਿਆ ਰਤਨ ਸਮਾਨ।
ਜਿਸ ਦਾ ਰੂਪ ਸੁਨਹਿਰਾ
ਸੋਨੇ ਵੰਨਾ ਜਾਨ।
ਉਸ ਤੇ ਫਿਰ ਕੋਈ ਈਰਖਾ
ਨਾ ਦਵੈਖ ਦਾ ਭਾਰ।
ਸਭ ਚਿੰਤਾ ਤੋਂ ਮੁਕਤ ਉਹ
ਧੰਨ ਸੁਲਖਣੀ ਨਾਰ।
ਸੁਣ ਨੀ ਸਖੀਏ ਪਿਆਰੀਏ !
ਜਿਸ ਨਾਰ ਦਾ ਇਸ਼ਟ ਹੈ



Sri Satguru Jagjit Singh Ji eLibrary NamdhariElibrary@gmail.com

ਇਕ ਪੁਰਖ ਦਾ ਪਿਆਰ
ਇਕੋ ਦੀ ਹੋ ਕੇ ਰਹੇ
ਸਗਲ ਸ੍ਰਿਸ਼ਟ ਸੰਸਾਰ
ਉਸ ਨੂੰ ਛੁਹ ਨਾ ਸਕਦੀ
ਚਿੰਤਾ ਚਿਖਾ ਦੀ ਮਾਰ।
ਜਿਸ ਦੇ ਭਰੇ ਭੰਡਾਰ ਨੇ
ਕਾਮਦੇਵ ਦੇ ਦਵਾਰ।
ਸੁਣ ਨੀ ਸਖੀਏ ਮੇਰੀਏ!
ਮੈ ਜਾਣਾਂ ਸਭ ਸਾਰ।
ਉਹ ਪਤੀ ਮੈਂ ਪਤਨੀ
ਉਹ ਮਰਦ ਮੈਂ ਨਾਰ।
ਦਿਲ ਮੇਰਾ ਇਹ ਚੰਦਰਾ
ਰੁਕੇ ਨਾ ਰੁਕਣਹਾਰ।
ਉਸ ਦੇ ਪਿਛੇ ਘੁੰਮਦਾ
ਮਿਲੇ ਨਾ ਚੈਨ ਕਰਾਰ।
ਸੀਤਲ ਪਵਨ ਸਮੀਰ ਇਹ
ਸਾੜੇ ਅਗਨੀ ਹਾਰ!
ਸੀਤਲ ਚੰਨ ਦੀ ਚਾਨਣੀ
ਜ਼ਹਿਰੀ ਡੰਗ ਰਹੀ ਮਾਰ।
ਮੇਰੀ ਰੂਹ ਦੀ ਭਾਵਨਾ
ਛੁਪੀ ਜੋ ਅੰਦਰਵਾਰ।
ਕਲਵਲ ਕਰਦੀ ਜਿੰਦੜੀ
ਜਿਸ ਦੀ ਅਜਬ ਨੁਹਾਰ।
ਇਹ ਹੈ ਪ੍ਰੀਤ ਅਨੋਖੜੀ
ਗੁਝੇ ਭੇਤ ਅਪਾਰ।
ਆ ਨੀ ਪਵਨ ਪਿਆਰੀਏ!
ਸੰਦਲ-ਭਿੰਨੀ ਮਹਿਕ।
ਢਾਲ ਲੈ ਮੇਰੀ ਜਿੰਦ ਨੂੰ
ਜੋ ਰਹੀ ਹੈ ਸਹਿਕ।
ਕਾਮਦੇਵ ਤੂੰ ਆ ਜਾ!
ਕਰਦਾ ਮਾਰੋ ਮਾਰ।
ਜੇ ਤੂੰ ਏਦਾਂ ਲੋਚਦਾ



Sri Satguru Jagjit Singh Ji eLibrary NamdhariElibrary@gmail.com

ਜ਼ਿੰਦੜੀ ਮੇਰੀ ਸਾੜ।
ਆ ਨੀ ਜਮਨਾ ਪਿਆਰੀਏ !
ਮੌਤ ਦੀ ਤੂੰ ਹੈਂ ਭੈਣ।
ਆਪਣੀ ਭੈਣ ਦੇ ਦੁਖੜੇ
ਕਰਨ ਨਾ ਤੈਨੂੰ ਬੇਚੈਨ।
ਆਪਣੀਆਂ ਲਹਿਰਾਂ ਵਾਲੜੀ
ਵਗਾ ਨਾ ਐਸੀ ਧਾਰ
ਸ਼ਾਂਤ ਹੋਵੇ ਇਹ ਜ਼ਿੰਦੜੀ
ਤਪਸ਼ ਦੇਵੇ ਜੋ ਠਾਰ।



Sri Satguru Jagjit Singh Ji eLibrary NamdhariElibrary@gmail.com

## ਸੱਤ

(ਰਾਤ ਦੀ ਇਕੱਲ ਵਿਚ ਸਾਰੀ ਰਾਤ ਰਾਧਾ ਕ੍ਰਿਸ਼ਨ ਜੀ ਨੂੰ ਲਭਦੀ ਰਹਿੰਦੀ ਹੈ। ਤੜਕਸਾਰ ਸ਼੍ਰੀ ਕ੍ਰਿਸ਼ਨ ਜੀ ਉਸ ਨੂੰ ਮਿਲ ਪੈਂਦੇ ਹਨ। ਇਸ ਸਮੇਂ ਉਹ ਬੜੇ ਮਿੱਠੜੇ, ਨਿਰਮਾਣ ਅਤੇ ਵਿਨੋਦੀ ਚੋਜ਼ਾਂ ਤੋਂ ਨਿਰਲੇਪ ਹਨ।)

ਰਾਧਾ : (ਰੋਸ ਵਿਚ ਕਹਿੰਦੀ ਹੈ)
ਕੇਸ਼ੋ ! ਲਛਮੀ ਪਤੀ ਪਿਆਰੇ !
ਕਿਉਂ ਹੁਣ ਮੇਰੀ ਵਲ ਹੋ ਆਏ ?
ਜਾਉ ! ਉਥੇ ਹੀ ਹੁਣ ਜਾਉ !
ਕੰਵਲ ਨੈਣਾਂ ਵਾਲੇ ਕ੍ਰਿਸ਼ਨ ਜੀ
ਉਨ੍ਹਾਂ ਸੈਅ ਨਾਰਾਂ ਕੋਲ ਜਾਉ।
ਨਾਚ ਜਿਨ੍ਹਾਂ ਦਾ ਤੁਹਾਡੇ ਮਨ ਨੂੰ ਭਾਏ
ਜਾਉ ਉਨ੍ਹਾਂ ਨਾਰਾਂ ਸੰਗ ਹੀ ਜਾ ਕੇ
ਪ੍ਰੇਮ ਦੀ ਰਾਸ ਰਚਾਉ।
ਮੈਨੂੰ ਝੂਠ ਬੋਲ ਕੇ ਕਿਉਂ ਪਏ ਹੋ ਭਰਮਾਂਦੇ ?
ਮੈਂ ਜਾਣਾਂ ਤੁਸਾਂ ਸੈਆਂ ਨਾਰਾਂ ਸੰਗ
ਹੈ ਰਾਤ ਗੁਜ਼ਾਰੀ।
ਨਾਚ ਨਚਾਦਿਆਂ ਰਾਸ ਰਚਾਂਦਿਆਂ
ਬੀਤੀ ਰਾਤ ਹੈ ਸਾਰੀ।
ਨੈਣਾਂ ਵਿਚ ਲਾਲੀ ਇਉਂ ਰੜਕੇ
ਜਿਉਂ ਗੁਜ਼ਰੀ ਰਾਤ ਉਨੀਂਦੇ।
ਤਨ ਤੁਹਾਡਾ ਹੈ ਥੱਕਿਆ ਥੱਕਿਆ
ਜਾਪੇ ਜਿਉਂ ਹੁਣ ਹੋ ਉਘਲੀਂਦੇ।

ਕ੍ਰਿਸ਼ਨ ਪਿਆਰੇ ! ਕਿਦਾਂ ਮੈਨੂੰ ਤੁਸੀਂ ਛਲ ਸਕਦੇ ਹੋ
ਤੁਹਾਡੇ ਹੋਂਠ ਯਾਕੂਤੀ ਦਸਣ ਹਾਲਤ ਸਾਰੀ
ਕਿਵੇਂ ਤੁਸਾਂ ਬਿੰਦਰਾਬਨ ਦੀਆਂ ਸੁੰਦਰ ਬਦਨੀਆਂ
ਦੇ ਨੈਣਾਂ ਦੀ ਕਾਲਖ
ਚੁੰਮ ਚੁੰਮ ਇਨ੍ਹਾਂ ਬੁਲੀਆਂ ਤੇ ਹੁਣ ਤਕ ਹੈ ਸੰਭਾਲੀ।



Sri Satguru Jagjit Singh Ji eLibrary NamdhariElibrary@gmail.com

ਤੁਹਾਡੇ ਸੁਹਲ ਸਰੀਰ ਤੇ ਹਾਲੀ ਵੀ
ਉਨ੍ਹਾਂ ਨਹੁੰਆਂ ਦੇ ਦਾਗ।
ਜਿਨ੍ਹਾਂ ਪ੍ਰੇਮ ਵੇਗ ਵਿਚ ਆ ਕੇ
ਇਸ ਨੂੰ ਫੜ ਘੁਟ ਰਖਿਆ।

ਮਹਿੰਦੀ ਉਨ੍ਹਾਂ ਦੇ ਪੈਰਾਂ ਦੀ
ਸੰਗੀਤ ਦੇ ਰੰਗ ਵਿਚ ਰੰਗੀ।
ਏਦਾਂ ਦਸੇ ਸਾਰੀ ਵਿਥਿਆ
ਕਿਦਾਂ ਰਹੇ ਹੋ ਸੈਆਂ ਨਾਰਾਂ ਸੰਗ
ਪ੍ਰੇਮ ਨਾਟ ਰਚਾਂਦੇ।
ਰੰਗ ਰਲੀਆਂ ਨੂੰ ਰਹੇ ਮਾਣਦੇ।
ਲਾਲੀ ਕਿਵੇਂ ਬਸੰਤ ਰਿਤੂ ਵਿਚ
ਨਵੇਂ ਪੁੰਗਾਰੇ ਉਤੇ ਛਾ ਜਾਵੇ।
ਤਿਵੇਂ ਕ੍ਰਿਸ਼ਨ ਜੀ ਤੁਹਾਡੀ ਹਾਲਤ
ਸ਼ਾਰਾ ਭੇਦ ਲਖਾਵੇ।

ਕ੍ਰਿਸ਼ਨ ਪਿਆਰੇ ! ਪ੍ਰੀਤਮ ਪਿਆਰੇ !
ਮੇਰਾ ਦਿਲ ਹੈ ਪ੍ਰੇਮ ਪੀੜ ਨਾਲ ਭਰਿਆ।
ਪਿਘਲ ਗਈ ਹਾਂ ਮੈਂ ਤੁਹਾਡੇ ਪਰੇਮ 'ਚ ਸਾਰੀ।
ਤੁਸੀਂ ਵੀ ਮੈਨੂੰ ਪਿਘਲੇ ਜਾਪੋ
ਜਿਵੇਂ ਤੁਸੀਂ ਸਗਵੇਂ ਦੇ ਸਗਵੇਂ ਹੋਵੋ ਮੇਰੇ ਪਿਆਰੇ।
ਪਰ ਮੇਰੇ ਦਿਲ ਦੀ ਪੀੜਾ
ਝਲ ਨਾ ਸਕੇ ਪ੍ਰੇਮ ਕ੍ਰੀੜਾ।
ਜਦ ਮੈਂ ਦੇਖਾਂ ਕਿਸੇ ਹੋਰ ਛਨਾਰ ਨਾਰ ਨੇ
ਪ੍ਰੇਮ ਵੇਗ ਵਿਚ ਆ ਕੇ ਤੁਹਾਡੇ ਬੁਲਾਂ ਤੇ ਚੱਕ ਵਢਿਆ
ਦੂਜਿਆਂ ਨਾਲ ਪ੍ਰੇਮ ਖੇਡ ਇਹ ਤੁਹਾਡੀ
ਮੈਨੂੰ ਮੂਲ ਨਾ ਭਾਵੇ।
ਤੁਹਾਡੇ ਦਿਲ ਦਾ ਘੋਰ ਹਨੇਰਾ
ਜਿਸ ਵਿਚ ਪ੍ਰੀਤ ਦੀ ਕਿਰਣ
ਕਦੀ ਵੀ ਪਹੁੰਚ ਨਾ ਸਕਦੀ
ਜਾਂ ਫਿਰ ਇਵੇਂ ਮੇਰੇ ਵਰਗੀ ਭੋਲੀ ਭਾਲੀ
ਸਿਧੀ ਜਿਹੀ ਨਾਰ ਨੂੰ ਤੁਸੀਂ ਪਏ ਹੋ ਛਲਦੇ।



Sri Satguru Jagjit Singh Ji eLibrary NamdhariElibrary@gmail.com

ਦਿਲ ਦਾ ਭੇਦ ਨਾ ਦਸਦੇ।

ਮੇਰੇ ਵਿਚ ਕੀ ਗੁਣ ਤੁਸੀਂ ਵੇਖੇ
ਮੈਂ ਨਿਰਅਖਰ ਭੋਲੀ ਭਾਲੀ ਕਮਲੀ ਨਾਰ।
ਜਿਸ ਨੂੰ ਪ੍ਰੇਮ ਦੀ ਨਾ ਕੋਈ ਸਾਰ।
ਤੁਸੀਂ ਦੇ ਕੇ ਉਸ ਨੂੰ ਪੀੜ ਸਦੀਵੀ
ਕਿਉਂ ਵਲਦੇ ਤੇ ਛਲਦੇ ?
ਮਨ ਮੇਰਾ ਆ ਮਲਦੇ ?

(ਕ੍ਰਿਸ਼ਨ ਜੀ ਅਲੋਪ ਹੋ ਜਾਂਦੇ ਹਨ। ਸਖੀ ਆਉਂਦੀ ਹੈ।)

ਸਖੀ : (ਰੋਸ ਵਿਚ ਕਹਿੰਦੀ ਹੈ)
ਕਿਉਂ ਤੇਰਾ ਦਿਲ ਏਨੇ ਤੀਬਰ ਪ੍ਰੇਮ ਨਾਲ ਭਰਪੂਰ ?
ਜੋ ਸੰਜੋਗੀ ਮੇਲ ਨੂੰ ਰਖੇ ਤੈਥੋਂ ਸਦਾ ਹੀ ਦੂਰ।
ਬਹਿਣ ਦਾ ਦੇਂਦਾ ਤੈਨੂੰ ਪਰੇਮ ਹਦੂਰ।

ਜਦੋਂ ਤੇਰਾ ਪ੍ਰੀਤਮ ਪਿਆਰਾ ਬਣ ਕੇ ਭਿੰਨੀ ਮਹਿਕ ਪਵਨ ਦੀ
ਆਉਂਦਾ ਤੇਰੇ ਦਵਾਰ, ਵਾਂਗ ਬਸੰਤ ਬਹਾਰ।
ਤੇਰੇ ਦਿਲ ਦੀਆਂ ਕਲੀਆਂ ਤਦ ਮੁੰਦ ਜਾਵਣ
ਜਾਨਣ ਪ੍ਰੇਮ ਨੂੰ ਭਾਰ।
ਕਿਉਂ ਤੂੰ ਆਪਣੇ ਪ੍ਰੀਤਮ ਕ੍ਰਿਸ਼ਨ ਪਿਆਰੇ ਨੂੰ
ਏਦਾਂ ਦਿਲ ਨਾਲ ਘੁਟ ਘੁਟ ਰਖੇਂ
ਕਿ ਉਹ ਤੇਰੇ ਪ੍ਰੇਮ ਤੋਂ ਔਖਾ ਹੋ ਹੋ ਜਾਵੇ ?
ਤੈਨੂੰ ਛੱਡ ਨੱਸ ਜਾਵੇ।
ਰਾਧਾ ਪਿਆਰੀ ! ਸਖੀ ਨਿਆਰੀ !
ਤੇਰੀ ਪ੍ਰੀਤ ਦੀ ਉਲਟੀ ਦਿਸੇ ਚਾਲ।
ਭਰਨੀ ਚਾਹੀਏ ਤੇਰੇ ਸੀਨਿਆਂ ਅੰਦਰ,
ਤਾੜ ਬ੍ਰਿਛ ਦੇ ਪੱਕੇ ਫਲਾਂ ਸਮਾਨ
ਮਧੂ ਰਸ ਦੇ ਨਾਲ।
ਪਰ ਇਹ ਸੁਕੇ ਸੁਕੇ ਜਾਪਣ
ਹੋਣ ਵਿਹੂਣੇ ਜਿਵੇਂ ਮਧੂ ਰਸ ਤੋਂ
ਹੋਵੇ ਪ੍ਰੀਤ ਸੋਮਿਆਂ ਨਾਲ
ਜੁੜਨਾ ਜਿਵੇਂ ਮੁਹਾਲ।



Sri Satguru Jagjit Singh Ji eLibrary NamdhariElibrary@gmail.com

ਰਾਧਾ ਪਿਆਰੀ ! ਸਖੀ ਨਿਆਰੀ !
ਮੈਂ ਤੈਨੂੰ ਹੈ ਕਈ ਵਾਰ ਸਮਝਾਇਆ।
ਜਾਣ ਨਾ ਦੇਣਾ ਚਾਹੀਏ ਉਸ ਪ੍ਰੀਤਮ ਦੇ ਤਾਂਈਂ
ਜਦ ਉਹ ਪ੍ਰੇਮ ਰੰਗ ਵਿਚ ਰੱਤਾ ਹੋਵੇ ਤੇਰੇ ਬੂਹੇ ਆਇਆ।
ਪਰ ਤੂੰ ਰਾਧਾ ਪਿਆਰੀ ! ਸਖੀ ਪਿਆਰੀ !
ਰਹੀ ਸਦਾ ਨਾਦਾਨ !
ਕੀ ਲਾਭ ਹੁਣ ਜਦ ਉਹ ਤੇਰੇ ਕੋਲੋਂ
ਹੈ ਕਿਧਰੇ ਹੋਰ ਸਿਧਾਇਆ ?
ਕਿਸ ਕੰਮ ਇਹ ਰੋਣਾ ਤੇ ਧੋਣਾ ?
ਕਿਸ ਕੰਮ ਇਹ ਪਛਤਾਣ ?
ਕਿਉਂ ਹੁਣ ਤੂੰ ਫਿਰ ਡੁਸਕ ਰਹੀ ਹੈਂ ?
ਭਰ ਰਹੀ ਹੈਂ ਹਾਵੇ ?
ਬਿੰਦਰਾਬਨ ਦੀ ਹਰ ਨਾਰ ਤੇਰੀ ਮੂਰਖਤਾ ਤੇ ਹੱਸੇ
ਖਿਲੀ ਪਈ ਉਡਾਵੇ।
ਕਰਨਾ ਬਿਰਛ ਦੇ ਖੇੜੇ ਵਿਚ ਉਹ ਤੇਰਾ ਪ੍ਰੀਤਮ ਸੁਤਾ
ਵੇਖ ਕਮਲੀਏ !
ਆਪਣੇ ਨੈਣਾਂ ਤਾਂਈਂ ਰਿਝਾ ਲੈ !
ਉਸ ਦੇ ਦਰਸ਼ਨ ਪਾ ਲੈ !
ਉਸ ਪ੍ਰੀਤਮ ਦੇ ਲਈ ਹੋਰ ਭਰੀਂ ਨਾ ਹਾਵੇ
ਵੇਖ ਕਮਲੀਏ ! ਤੇਰੀ ਆਤਮਾ ਵਿਚ ਹੈ
ਉਹ ਆ ਅੰਕ ਸਮਾਵੇ।
ਰਾਧਾ ਪਿਆਰੀ ! ਸਖੀ ਨਿਆਰੀ !
ਕਿਉਂ ਤੇਰਾ ਦਿਲ ਭਰਿਆ ਹੈ ਵਿਚ ਪੀੜਾ ?
ਪ੍ਰੀਤਮ ਪਿਆਰਾ ਅਲੋਪ ਹੋ ਗਿਆ
ਪਰਤੇਗਾ ਜ਼ਰੂਰ !
ਮਿੱਠੜੇ ਬੋਲ ਸੋਹਣੇ ਦੇ ਸੁੰਦਰ
ਕੰਨੀ ਪੈਣਗੇ ਤੇਰੇ,
ਜਦ ਤੂੰ ਖੜੀ ਹੋਵੇਂਗੀ ਉਸ ਦੀ ਵਿਚ ਹਦੂਰ।
ਰੂਹ ਤੇਰੀ ਨੂੰ ਆਵੇਗਾ, ਮੁੜ ਉਹੋ ਪ੍ਰੇਮ ਸਰੂਰ।
ਤੇਰੇ ਦਿਲ ਦੇ ਭਾਵਾਂ ਨੂੰ ਮੈਂ ਸਮਝ ਨਾ ਸਕਾਂ
ਇਸ ਵਿਚ ਬਹੁਤ ਹੀ ਰਲਗਢ ਹੋਈ
ਜਾਪੇ ਮੈਨੂੰ ਤੂੰ ਇਕ ਅੜਾਉਣੀ



Sri Satguru Jagjit Singh Ji eLibrary NamdhariElibrary@gmail.com

ਦੂਜਿਆਂ ਨਾਲੋਂ ਵਖਰੀ ਤੇਰੇ ਦਿਲ ਦੀ ਗੀਤ
ਜਿਸ ਨੂੰ ਸਮਝ ਨਾ ਸਕੇ ਕੋਈ।
ਰਾਧਾ ਪਿਆਰੀ! ਸਖੀ ਨਿਆਰੀ!
ਮੈਨੂੰ ਜਾਪੇ ਤੂੰ ਝਲੀ ਦੀ ਝਲੀ!
ਜਦ ਤੈਨੂੰ ਚਾਹੀਏ ਉਸ ਸੰਗ ਮਿੱਠੜਾ ਹੋਣਾ
ਤੂੰ ਬੋਲੇਂ ਕੌੜੇ ਬੈਣ!
ਹੋਵੇਂ ਤੂੰ ਕਠੋਰ।
ਜਦ ਪ੍ਰੀਤਮ ਪਿਆਰਾ ਤੇਰਾ ਹੋਣਾ ਲੋਚੇ,
ਤਾਂ ਤੇਰਾ ਦਿਲ ਮੌਨ ਕਿਉਂ ਹੋ ਜਾਵੇ ?
ਉਸ ਤੋਂ ਮੂੰਹ ਭੁਆਵੇ।
ਜਦ ਉਹ ਤੈਨੂੰ ਲਭਦਾ ਲਭਦਾ ਤੇਰੇ ਕੋਲ ਹੈ ਆਂਦਾ
ਤਾਂ ਤੂੰ ਉਸ ਸੰਗ ਇੰਝ ਕਰੇਂ ਵਿਹਾਰ।
ਜਿਵੇਂ ਉਹ ਤੇਰਾ ਵੈਰੀ ਹੋਵੇ,
ਨਹੀਂ ਹੈ ਮੀਤ ਪਿਆਰ!
ਫਿਰ ਵੀ ਜਦ ਉਹ ਤੇਰੇ ਸਨਮੁਖ ਹੈ ਆ ਜਾਂਦਾ
ਤੂੰ ਕਿਉਂ ਮੂੰਹ ਭੁਆਵੇਂ ?
ਲੈਂਦੀ ਪਿਠ ਮਰੋੜ।
ਜਿਵੇਂ ਹੋਵੇ ਉਹ ਕੋਈ ਹੋਰ।
ਪਰ ਸਖੀ ਨੀ! ਹੈ ਉਹ ਤੇਰੇ ਚਿਤ ਦਾ ਚੋਰ!
ਉਹ ਨਹੀਂ ਕੋਈ ਹੋਰ!
ਤੇਰੀ ਰੂਹ ਦੇ ਇਹ ਭੁਲਾਵੇ
ਮੈਨੂੰ ਤਾਂ ਸਚ ਨੀ ਸਖੀਏ
ਸਮਝ ਕੁਝ ਨਾ ਆਵੇ।
ਇਸੇ ਲਈ ਤੂੰ ਦੁਖ ਝਾਗਦੀ
ਆਪਣੇ ਅੰਦਰ ਪਿਆਰ!
ਕਰ ਸਕੇ ਨਾ ਕੋਈ ਵੀ ਤੇਰਾ ਦਾਰੂ
ਨਾ ਰਖਿਆ ਨਾ ਉਪਚਾਰ
ਜਦ ਹੋਵੇ ਤੇਰਾ ਆਪਣਾ ਹੀ
ਬੇ-ਸਮਝਾਂ ਵਾਲਾ ਵਿਹਾਰ!
ਰਾਧਾ ਪਿਆਰੀ! ਸਖੀ ਨਿਆਰੀ!
ਕਿੰਨੀ ਹੈ ਅਨੋਖੀ ਤੇਰੀ ਚਾਲ!
ਚੰਦਨ ਲੇਪ ਪਿਆਰ ਪਿਆਰਾ



Sri Satguru Jagjit Singh Ji eLibrary NamdhariElibrary@gmail.com

ਤੈਨੂੰ ਜਾਪੇ ਜ਼ਹਿਰ ਪਟਾਰਾ।
ਚੰਨ ਦੀ ਇਹ ਸੀਤ ਫੁਹਾਰ
ਤੈਨੂੰ ਜਾਪੇ ਜਿਵੇਂ ਇਹ ਹੋਵੇ ਸੂਰਜ ਦਾ ਅੰਗਾਰ!
ਨੈਣਾਂ ਦੇ ਇਹ ਪ੍ਰੇਮ ਕਟਾਖ
ਤੈਨੂੰ ਜਾਪਣ ਏਦਾਂ
ਜਿਵੇਂ ਹੋਣ ਅਗਨ-ਚਿੰਗਿਆੜੇ
ਲੂਹਣ ਜੋ ਆ ਆ ਤੇਰੀ ਮੁਹਾਠ!
ਇਹ ਜੋ ਇੰਦਰੀਆਂ ਸੰਦੇ ਰਸ ਰੰਗ ਮਿਠੜੇ ਭੋਗ
ਤੈਨੂੰ ਜਾਪਣ ਵਡੇ ਚਿੰਤਾ ਰੋਗ!
ਮੈਨੂੰ ਜਾਪੇ ਏਦਾਂ ਨੀ ਸਖੀਏ!
ਤੂੰ ਵਿਲੱਖਣ ਨਾਰ!
ਹੋਰਾਂ ਨਾਲੋਂ ਤੇਰਾ ਵਖਰਾ ਪ੍ਰੀਤ ਵਿਹਾਰ!



Sri Satguru Jagjit Singh Ji eLibrary NamdhariElibrary@gmail.com

## ਅੱਠ

(ਸਮਾਂ ਸੰਝ ਦਾ ਹੈ। ਰਾਧਾ ਦਾ ਚਿਹਰਾ ਰੋਸੇ ਵਿਚ ਤਿੜਕਿਆ ਦਿਖਾਈ ਦਿੰਦਾ ਹੈ। ਉਸ ਦੀ ਇਸ ਹਾਲਤ ਨੂੰ ਦੇਖ ਕੇ ਸਭ ਸਖੀਆਂ ਦੁਖੀ ਹਨ। ਉਹ ਸਵੈ ਸੰਤਾਪ ਵਿਚ ਬੈਠੀ ਹੈ ਅਤੇ ਉਸ ਦੀਆਂ ਅਖੀਆਂ ਸੁੰਵੀਆਂ ਸੁੰਵੀਆਂ ਦਿਖਾਈ ਦਿੰਦੀਆਂ ਹਨ।)

(ਇਸ ਸਮੇਂ ਸ਼੍ਰੀ ਕ੍ਰਿਸ਼ਨ ਮਲਕੜੇ ਜਿਹੇ ਆਉਂਦੇ ਹਨ।)

ਕ੍ਰਿਸ਼ਨ : ਮੇਰੀ ਪਿਆਰੀ! ਸੁੰਦਰ ਨਾਰੀ!
ਅਤਿ ਮਿਠੜੀ! ਉਤਮ ਮਹਾਨ!
ਤੇਰੇ ਲਈ ਮੈਂ ਤ੍ਰਿਖਾਵੰਤ ਹਾਂ!
ਸ਼ਾਂਤ ਕਰੋ ਇਹ ਮੇਰੀ ਤੜਫਣੀ
ਕਰਾਂ ਮੈਂ ਤੁਹਾਡੇ ਹੋਠਾਂ ਦਾ ਅੰਮ੍ਰਿਤ ਪਾਣ!
ਅਤਿ ਪਿਆਰੀ! ਹੁਣ ਬੋਲੋ ਵੀ ਨਾ
ਤੋੜ ਦਿਉ ਇਹ ਮੌਨ;
ਦੰਦ ਤੁਹਾਡੇ ਮੋਤੀਆਂ ਦੇ ਦਾਣੇ
ਜਦ ਬੋਲੋ ਇਹ ਇੰਝ ਚਮਕਦੇ
ਦੂਰ ਹੋਵਣ ਸਭ ਸੰਸੇ ਤੇ ਅੰਧਕਾਰ
ਮੇਰੇ ਮਨ ਦੇ!
ਚੰਨ ਮੁੱਖੜਾ ਤੁਹਾਡਾ ਅਤਿ ਪਿਆਰਾ
ਮੇਰੇ ਨੈਣਾਂ ਅੰਦਰ ਇਸ ਤਰ੍ਹਾਂ ਦੀ
ਜੋਤ ਜਗਾਵੇ
ਜਿਵੇਂ ਚੰਦਰਮਾ ਨੂੰ ਤੱਕ ਤੱਕ ਕੇ
ਚਕੋਰ ਵਿਚਾਰਾ ਅੰਮ੍ਰਿਤ ਰਸ ਨੂੰ ਪਾਵੇ।
ਮੇਰਾ ਚਿਤ ਹੁਣ ਇਹੋ ਚਾਹਵੇ।
ਯਾਕੂਤੀ ਬੁਲ੍ਹੀਆਂ ਅੰਦਰ ਭਰਿਆ ਜੋ ਸੋਮਾ
ਮਹਾਂ ਅੰਮ੍ਰਿਤ ਦਾ ਭਰਿਆ ਨਕੋ ਨਕ
ਉਸ ਨੂੰ ਪੀਣਾ ਚਾਹਵੇ।
ਰਾਧਾ! ਤੇਰੇ ਦੰਦ ਨੇ ਸੁਚੇ ਮੋਤੀ ਅਤਿ ਰਸੀਲੇ!
ਜੋ ਹੈ ਮੇਰੇ ਉਪਰ ਕਰੋਪ



Sri Satguru Jagjit Singh Ji eLibrary NamdhariElibrary@gmail.com

ਹੈ ਦਿਲ ਵਿਚ ਕੋਈ ਰੋਸ
ਤਾਂ ਮੈਨੂੰ ਹੇ ਰਾਧਾ ਪਿਆਰੀ !
ਆਪਣਾ ਬੰਦੀ ਬਣਾਵੋ !
ਬਾਹਾਂ ਵਿਚ ਘੁਟ ਕੇ ਇਹ ਦੋਸ਼ੀ
ਇਸ ਨੂੰ ਸਜ਼ਾ ਸੁਣਾਵੋ।
ਆਪਣੇ ਅੰਦਰ ਦੀਆਂ ਰੋਸ ਲਹਿਰਾਂ ਨੂੰ
ਮੇਰੇ ਤਨ ਉਪਰ ਬਰਸਾਉ।
ਰਾਧਾ ਪਿਆਰੀ ! ਮੰਨ ਜਾਉ ! ਮੰਨ ਜਾਉ !
ਹੁਣ ਖੁਸ਼ੀਆ ਵਿਚ ਆ ਜਾਉ !
ਮੇਰੀ ਪਿਆਰੀ ! ਮੇਰੀ ਜਿੰਦੜੀ !
ਇਸ ਜੀਵਨ ਵਿਚ ਤੂੰ ਹੈਂ ਮੇਰੀ ਸ਼ਾਨ !
ਭਵ-ਸਾਗਰ ਦੇ ਮਹਾਂ ਪਸਾਰ ਵਿਚ
ਤੂੰ ਹੈਂ ਚਮਕਦਾ ਰਤਨ ਮਹਾਨ !
ਮੇਰੀ ਜਿੰਦੜੀ ਮੇਰੇ ਪ੍ਰਾਣ !
ਆਉ ਪਿਆਰੀ ਪ੍ਰੇਮ ਦਾ ਮੀਂਹ ਵਰ੍ਹਾਉ !
ਮੇਰੀ ਆਤਮਾ ਨੂੰ ਨਾ ਹੋਰ ਤੜਪਾਉ !
ਆਪਣੇ ਪ੍ਰੇਮ ਦੀ ਬਰਖਾ ਕਰਕੇ
ਇਸ ਮੇਰੇ ਤਪਦੇ ਮਨ ਨੂੰ
ਹੁਣ ਸ਼ਾਂਤ ਕਰ ਜਾਉ !
ਸੂਖਮ ਬਦਨੀ, ਸੋਹਲ ਸਰੀਰੀ, ਮੇਰੀ ਪਿਆਰੀ !
ਤੇਰੇ ਕਾਲੇ ਨੈਣ ਖੁਲ੍ਹੇ ਹੋਏ ਸੁੰਦਰ ਕੰਵਲ-ਕਟੋਰੇ !
ਇਨ੍ਹਾਂ ਵਿਚ ਦਿਸਣ ਜੋ ਸੂਹੇ ਡੋਰੇ
ਹੈ ਇਹ ਕਿਸੇ ਰੋਸੇ ਦੀ ਲਾਲ ਲਕੀਰ
ਜਾਂ ਪ੍ਰੇਮ ਦੇ ਰਸ ਰੰਗ ਨਾਲ ਭਰਪੂਰ, ਰਸਾਲ
ਇਸ ਕਾਲੀ ਰੈਣ ਅੰਧਿਆਰੀ ਵਿਚ ਲਿਸ਼ਕੇ
ਊਸ਼ਾ ਦੀ ਸੁੰਦਰ ਨੁਹਾਰ
ਇਹ ਕੀ ਹੈ ਅਦਭੁਤ ਖੇਲ ?
ਰੋਸੇ ਦੀ ਹੈ ਕਾਲਖ ਜਾਂ ਫਿਰ ਠੰਢੀ ਪ੍ਰੇਮ ਤ੍ਰੇਲ ?
ਰੋਸਾ ਹੈ ਜਾਂ ਮਿਲਣ ਦਾ ਪ੍ਰੇਮ ਅਨੰਦ ?
ਜੋ ਮੇਰੇ ਆਉਣ ਉਤੇ ਹੋਇਆ
ਤੁਹਾਡੇ ਮਨ ਵਿਚ ਖੁਸ਼ੀ ਦਾ ਚੜ੍ਹਿਆ ਚੰਦ ?
ਹਾਲੀ ਵੀ ਮੇਰੀ ਜਿੰਦੜੀ ਪਿਆਰੀ



Sri Satguru Jagjit Singh Ji eLibrary NamdhariElibrary@gmail.com

ਜਿੰਦ ਦੀ ਜਿੰਦ
ਜਾਪੇਂ ਤੂੰ ਅਜੀਬ
ਹੋਈ ਨਹੀਂ ਨਚਿੰਦ ?
ਰਾਧਾ ਪਿਆਰੀ ! ਮੇਰੀ ਜਿੰਦੜੀ !
ਮੇਰੇ ਆਦਰਸ਼ ਪਿਆਰ !
ਇਹ ਉਦਾਸੀ ਹੁਣ ਨਾ ਸ਼ੋਭੇ
ਕਰ ਲਉ ਪ੍ਰੇਮ ਸ਼ਿੰਗਾਰ !
ਆਪਣੇ ਸੋਹਲ ਸੀਨਿਆਂ ਉਪਰ
ਪਾਉ ਮੋਤੀ ਹਾਰ !
ਆਪਣੀ ਕਮਰ ਦੁਆਲੇ ਪਾਉ
ਕਮਰਕੱਸਾ ਉਹ
ਜਿਸ ਦੇ ਸੁੰਦਰ ਘੁੰਗਰੂ
ਕਰਦੇ ਨਾਦ ਝੁਣਕਾਰ !
ਮਨ ਤੁਹਾਡੇ ਦੀ ਖ਼ੁਸ਼ੀ ਲਹਿਰ ਵੀ
ਉਸ ਨਾਲ ਇਕਸੁਰ ਹੋ ਕੇ
ਲਰਜ਼ੇ ਤਾਲਗਤੀ ਵਿਚ
ਵਾਂਗਰ ਸੁਰ ਹੋਏ ਇਕ ਸਾਜ਼ !
ਰਹੇ ਗੂੰਜਦੀ ਅਨਹਦ ਵਾਂਗਰ
ਇਹ ਸਦੀਵੀ ਤਾਰ !
ਇਸ ਲਈ ਰਾਧਾ ਮੇਰੀ ਪਿਆਰੀ !
ਹੋਰ ਨਾ ਰਹੋ ਉਦਾਸ !
ਆਉ ਵਿਚ ਹੁਲਾਸ !
ਮਧੁ-ਬੈਣੀ ਰਾਧਾ ਅਤਿ ਪਿਆਰੀ !
ਜੇਕਰ ਆਗਿਆ ਹੋਵੇ
ਤਾਂ ਤੁਹਾਡੇ ਨਾਜ਼ਕ ਪੈਰਾਂ ਤਾਂਈਂ
ਮੈਂ ਮਹਿੰਦੀ ਨਾਲ ਸ਼ਿੰਗਾਰਾਂ !
ਮੈਂ ਇਨ੍ਹਾਂ ਨੂੰ ਪਿਆਰਾਂ !
ਮੇਰੇ ਦਿਲ ਵਿਚ ਇਹ
ਖ਼ੁਸ਼ੀ ਦੀ ਲਹਿਰ ਜਗਾਂਦੇ
ਇਨ੍ਹਾਂ ਵਿਚਲੀ ਭਿੰਨੀ ਮਹਿਕ
ਪ੍ਰੇਮ ਰੰਗ ਵਿਚ ਜਦ ਮੈਨੂੰ ਛੁਹ ਜਾਂਦੀ
ਮੈਨੂੰ ਹੈ ਠੰਢ ਪਾਂਦੀ !



Sri Satguru Jagjit Singh Ji eLibrary NamdhariElibrary@gmail.com

ਤੁਹਾਡੇ ਸੁਹਲ ਪੈਰਾਂ ਦੇ ਸਾਹਵੇਂ
ਕੰਵਲ ਵੀ ਲੱਜਾਵਣ।
ਇਨ੍ਹਾਂ ਵਿਚ ਭਰੀ ਹੈ ਭਿੰਨੀ ਮਹਿਕ
ਪੈਰ ਤੁਹਾਡੇ ਪਵਿੱਤਰ ਤੇ ਪੁਨੀਤ
ਮੈਂ ਇਨ੍ਹਾਂ ਨੂੰ ਆਪਣੇ
ਮਸਤਕ ਨਾਲ ਛੁਹਾਣਾ ਚਾਹਵਾਂ
ਜਿਸ ਵਿਚ ਉਠ ਰਿਹਾ ਹੈ ਸੇਕ
ਇਨ੍ਹਾਂ ਦੀ ਕੋਮਲ ਛੁਹ ਪਾ ਕੇ
ਉਸ ਤਪਸ਼ ਨੂੰ ਸ਼ਾਂਤ ਕਰਾਣੀ ਚਾਹਾਂ।
ਇਨ੍ਹਾਂ ਪੈਰਾਂ ਵਿਚ ਹੈ ਭਰਿਆ
ਰਹਿਮਤ ਦਾ ਭੰਡਾਰ!
ਤਪਦਾ ਮੇਰਾ ਇਹ ਹਿਰਦਾ
ਕਰ ਦਿਉ ਠੰਢੜਾ ਠਾਰ!
ਵੇਖ ਪਿਆਰੀ! ਰਾਧਾ ਨਿਆਰੀ!
ਮੇਰੇ ਅੰਦਰ ਅਗਨੀ ਮੱਚਦੀ!
ਜਿੰਦ ਪਈ ਹੈ ਭਖ਼ਦੀ!
ਉਹ ਮੇਰੀ ਰੁਠੜੀ ਭੋਲੀ ਪਿਆਰੀ!
ਮੇਰੇ ਅੰਦਰ ਅਗਨੀ ਮੱਚਦੀ!
ਜਿੰਦ ਪਈ ਹੈ ਭਖ਼ਦੀ
ਉਹ ਮੇਰੀ ਰੁਠੜੀ ਭੋਲੀ ਪਿਆਰੀ!
ਆਪਣੇ ਸੰਸੇ ਸ਼ੰਕੇ ਸਭ ਦੂਰ ਹਟਾਉ।
ਮੇਰੀ ਪਿਆਰੀ ਮੇਰੀ ਗੱਲ ਮਨ ਜਾਉ।
ਮੈਂ ਨਹੀਂ ਬਿਨ ਤੁਹਾਡੇ ਹੋਰ ਕਿਸੇ ਨੂੰ ਕਰਦਾ ਪਿਆਰ
ਮੇਰੇ ਦਿਲ ਵਿਚ ਹੋਰ ਕਿਸੇ ਲਈ
ਨਹੀਂ ਹੈ ਕੋਈ ਵੀ ਰਖਵਾਂ ਥਾਂ
ਮੈਂ ਤਾਂ ਬਸ ਸਦੀਵੀ ਤੁਹਾਡੇ
ਪ੍ਰੇਮ ਨੂੰ ਚਾਹਵਾਂ।
ਇਸ ਵਿਚ ਬਸ ਇਕੋ ਲਈ ਹੈ
ਕੇਵਲ ਤੁਹਾਡੇ ਪਿਆਰ ਲਈ ਥਾਂ।
ਆ ਮੇਰੀ ਹੁਣ ਰਾਧਾ ਪਿਆਰੀ
ਮੇਰੇ ਵਲ ਹੁਣ ਮਾਰ ਉਡਾਰੀ
ਮੇਰੇ ਅੰਕ ਸਮਾਉ



Sri Satguru Jagjit Singh Ji eLibrary NamdhariElibrary@gmail.com

ਮੇਰਾ ਰੂਪ ਹੋ ਜਾਉ!
ਉਹ ਮੇਰੀ ਰੁਠੜੀ ਪਿਆਰੀ ਨਾਰ
ਕਿਉਂ ਨਾ ਜਾਣੇਂ ਤੂੰ ਦਿਲ ਮੇਰੇ ਦੀ ਸਾਰ?
ਮੇਰਾ ਮਿਟਦਾ ਜਾ ਰਿਹਾ ਇਹ ਜੋ ਹੈ ਆਕਾਰ
ਉਸ ਨੂੰ ਆਪਣੇ ਦੰਦਾਂ ਦੀ ਛੁਹ ਨਾਲ
ਤੂੰ ਰਖੇਂ ਬੰਨ ਬਹਾ
ਤਾਂ ਜੋ ਤੈਨੂੰ ਇਹ ਪੱਕਾ ਨਿਸਚਾ ਹੋ ਜਾਵੇ
ਮੈਂ ਹਾਂ ਸਗਵਾਂ ਤੇਰਾ।
ਮੇਰੇ ਇਸ ਪਾਰਦਰਸ਼ੀ ਸਰੂਪ ਨੂੰ ਪਕੜੋ ਬੰਨੋ
ਆਪਣੇ ਪ੍ਰੇਮ ਦੀਆਂ ਕੂਲੀਆਂ
ਰੇਸ਼ਮੀ ਰਸੀਆਂ ਨਾਲ!
ਆਪਣੇ ਆਪੇ ਭਾਵ ਨੂੰ ਮੇਟ
ਮੇਰੇ ਅੰਕ ਸਮਾਉ
ਮੇਰੀ ਪਿਆਰੀ ਮੇਰਾ ਰੂਪ ਹੋ ਜਾਉ!
ਰਾਧਾ ਪਿਆਰੀ! ਮੇਰੀ ਜਿੰਦ ਦੀ ਜਾਨ
ਤੁਹਾਡਾ ਸੁੰਦਰ ਮੁੱਖੜਾ
ਜਿਸ ਦੀ ਚੰਦ ਤੋਂ ਵੱਧ ਹੈ ਸ਼ਾਨ
ਤੁਹਾਡੇ ਭਵਾਂ ਦੀ ਅਤਿ ਸੁੰਦਰ
ਤਿਖੀ ਜੋ ਕਮਾਨ
ਜਿਸ ਦੀ ਤਾਬਿਆ ਰਹਿੰਦਾ ਸਗਲ ਜਹਾਨ।
ਤੁਹਾਡੀਆਂ ਮੀਢੀਆਂ ਕੁੰਡਲਦਾਰ
ਜਿਵੇਂ ਹੋਣ ਪਲਮਦੇ ਕਾਲੇ ਨਾਗ!
ਜਿਸ ਨੂੰ ਡਸਿਆ ਤੁਹਾਡੀਆਂ ਜ਼ੁਲਫ਼ਾਂ ਪੇਚਦਾਰ
ਕਿਵੇਂ ਹੈ ਹੁਣ ਬਚ ਸਕਦਾ ਇਸ ਮਾਰ ਤੋਂ
ਇਕੋ ਹੈ ਬਸ ਰਾਹ
ਇਹੋ ਹੈ ਉਪਚਾਰ
ਤੁਹਾਡੇ ਯਕੂਤੀ ਬੁਲ੍ਹੀਆਂ ਨੂੰ ਚੁੰਮ ਕੇ
ਮਿਲੇ ਜੋ ਅੰਮ੍ਰਿਤ ਧਾਰ।
ਰਾਧਾ ਪਿਆਰੀ ਹੁਣ ਨਾ ਹੋ ਉਦਾਸ!
ਤੇਰੀ ਇਹ ਉਦਾਸੀ ਮੇਰੇ ਅੰਦਰ
ਤਿਖੀ ਪੀੜ ਜਗਾਵੇ!
ਮੈਨੂੰ ਇਹ ਨਾ ਭਾਵੇ।



Sri Satguru Jagjit Singh Ji eLibrary NamdhariElibrary@gmail.com

ਉਠੋ ਪਿਆਰੀ ਆਉ ਵਿਚ ਹੁਲਾਸ!
ਆਪਣੇ ਕੰਜ ਕੁਆਰੇ ਪ੍ਰੇਮ ਦਾ
ਖ਼ੁਸ਼ੀਆਂ ਭਰਿਆ ਮੀਂਹ ਬਰਸਾਉ
ਮੇਰੇ ਬਲਦੇ ਤਪਦੇ ਮਨ ਨੂੰ
ਆਪਣੀ ਪ੍ਰੇਮ ਦੀ ਛੁਹ ਸੰਗ ਹੁਣ
ਸ਼ਾਂਤ ਕਰ ਜਾਉ!
ਮੇਰੇ ਵਲੋਂ ਆਪਣਾ ਮੂੰਹ ਨਾ ਮੋੜੋ
ਹੁਣ ਨਾ ਆਪਣੀ ਪ੍ਰੀਤ ਨੂੰ ਏਕਣ ਤੋੜੋ
ਮੈਨੂੰ ਓਪਰਾ ਨਾ ਹੁਣ ਜਾਣੋ
ਆਪਣਾ ਹੀ ਪਛਾਣੋ!
ਛਡੋ ਇਹ ਹੁਣ ਓਪਰਿਆਂ ਵਾਲਾ ਵਿਹਾਰ
ਖੋਲ੍ਹੋ ਪ੍ਰੇਮ ਭੰਡਾਰ!
ਵੇਖੋ, ਤੁਹਾਡੇ ਪ੍ਰੇਮ ਦੀ ਕਿੰਨੀ ਪ੍ਰਬਲ ਖਿਚ
ਲਿਆਈ ਜੋ ਮੈਨੂੰ ਅਰਸ਼ਾਂ ਤੋਂ ਉਤਾਰ
ਇਸ ਧਰਤ ਤੇ।
ਜਾਣਾ ਮੈਂ ਵੀ ਤੁਹਾਡੇ ਦਿਲ ਦੀ ਸਾਰ।
ਕਿਉਂ ਹੋ ਤੁਸੀਂ ਛੁਪਾਂਦੇ
ਤੁਹਾਡੇ ਦਿਲ ਵਿਚ ਹੈ ਸਮਾਇਆ ਮੇਰੇ ਲਈ
ਅਤਿ ਦਾ ਡੂੰਘਾ ਪਿਆਰ!
ਇਸ ਲਈ ਹੁਣ ਹੋਰ ਨਾ ਸ਼ਰਮਾਉ
ਨਾ ਮੈਨੂੰ ਤਰਸਾਉ
ਰਾਧਾ ਪਿਆਰੀ ਮੇਰੀ ਜਿੰਦੜੀ!
ਮੇਰੀ ਹੀ ਹੋ ਜਾਉ!
ਰਾਧਾ ਪਿਆਰੀ ਮੇਰੀ ਸੁੰਦਰ ਨਾਰ
ਤੇਰੇ ਬੁਲ੍ਹ ਨੇ ਲਾਲ ਯਾਕੂਤਾਂ ਹਾਰ
ਤੇਰੀਆਂ ਕੰਨਪਟੀਆਂ ਤੇ ਐਸੀ ਚਮਕ
ਜਿਵੇਂ ਖੇੜੇ ਵਿਚ ਮਹੂਏ ਦੇ ਫੁਲ ਹੋਵਣ
ਤੇਰੇ ਨੈਣਾਂ ਵਿਚ ਹੈ ਅਜਬ ਹੀ ਸ਼ਾਨ
ਜੋ ਦਸੇ ਤੇਰੇ ਅੰਦਰ ਦਾ ਸਵੈ-ਮਾਣ।
ਤੇਰੇ ਦੰਦ ਰਸਾਲ
ਜਿਨ੍ਹਾਂ ਵਿਚੋਂ ਮਹਿਕ ਕਥੂਰੀ ਆਵੇ!
ਤੇਰਾ ਨੱਕ ਸੁੰਦਰ ਜੋ ਖਿੜੇ



Sri Satguru Jagjit Singh Ji eLibrary NamdhariElibrary@gmail.com

ਤਿਲਾਂ ਦੇ ਫ਼ੁਲਾਂ ਹਾਰ!
ਕਾਮਦੇਵ ਨੇ ਜਿਤ ਲਿਆ ਹੈ
ਇਹ ਸਗਲਾ ਸੰਸਾਰ।
ਉਸ ਨੂੰ ਸੁੰਦਰਤਾ ਨਾਲ ਹੈ ਅਤਿ ਦਾ ਪਿਆਰ,
ਜਿਸ ਦਾ ਤੂੰ ਹੈਂ ਸੁੰਦਰ ਰੂਪ ਅਨੂਪ
ਰਾਧਾ ਪਿਆਰੀ, ਹੁਣ ਨਾ ਹੋਰ ਤਰਸਾਉ
ਮੇਰੀ ਹੀ ਹੋ ਜਾਉ!
ਉਹ ਮੇਰੀ ਪਿਆਰੀ ਰਾਧਾ, ਜਿੰਦ ਦੀ ਜਾਨ!
ਮੇਰੇ ਪ੍ਰਾਣ,
ਤੁਹਾਡੇ ਨੈਣਾਂ ਵਿਚ ਭਰੀ ਪਈ ਹੈ
ਤੁਹਾਡੀ ਆਤਮਾ ਸੰਦੀ ਸਾਰੀ ਸ਼ਾਨ।
ਤੁਹਾਡਾ ਮੁੱਖੜਾ ਜਿਸ ਦੀ ਚੰਨ ਤੋਂ ਵੀ ਹੈ ਵਧੇਰੇ ਸ਼ਾਨ
ਤੁਹਾਡੀਆਂ ਜੰਘਾਂ ਕੇਲੇ ਦੇ ਸੁੰਦਰ ਤਣੇ ਸਮਾਨ
ਤੁਹਾਡੀ ਸੋਹਲ ਸੁੰਦਰਤਾ
ਜੋ ਹੈ ਸੋਲਾਂ ਕਲਾਂ ਸੰਪੂਰਨ
ਜਿਸ ਦੀ ਸ਼ਾਨ।
ਸੂਖਮ ਸੋਹਲ ਸਰੂਪ!
ਅਦਭੁਤ ਅਤਿ ਅਨੂਪ!
ਕਿਵੇਂ ਇਹ ਸੁੰਦਰਤਾ ਬਣੀ ਹੈ
ਇਸ ਧਰਤੀ ਦਾ ਸ਼ਿੰਗਾਰ?
ਜਿਸ ਦਾ ਸਾਨੀ ਮੈਨੂੰ ਦਿਸੇ
ਕੇਵਲ ਦੇਵਤਿਆਂ ਦੇ ਵਿਚ ਸੰਸਾਰ।
ਜੋ ਅਤਿ ਉਚੇ ਮੰਡਲਾਂ ਦੇ ਵਿਚ ਵਿਚਰਨ
ਰਾਧਾ ਮੇਰੇ ਪਿਆਰ।
ਮੇਰਾ ਬਣੋ ਆਧਾਰ।
ਹੋਰ ਨਾ ਹੁਣ ਤਰਸਾਉ
ਮੇਰੀ ਜਿੰਦੜੀ ਮੇਰੀ ਪਿਆਰੀ
ਮੇਰੇ ਅੰਕ ਸਮਾਉ।
ਮੇਰੀ ਹੀ ਹੋ ਜਾਉ।



Sri Satguru Jagjit Singh Ji eLibrary NamdhariElibrary@gmail.com

## ਨੌਂ

(ਬਨ ਦਾ ਦ੍ਰਿਸ਼। ਰਾਧਾ ਹਾਲੀ ਵੀ ਲੁਛ ਰਹੀ ਹੈ। ਸਖੀ ਆਉਂਦੀ ਹੈ।)

ਸਖੀ: ਰਾਧਾ ਪਿਆਰੀ! ਸਖੀ ਨਿਆਰੀ!
ਕਿਉਂ ਤੂੰ ਏਥੇ ਬੈਠੀ?
ਜਦ ਕ੍ਰਿਸ਼ਨ ਨਿਆਰੇ! ਪ੍ਰੀਤਮ ਪਿਆਰੇ!
ਏਥੋਂ ਹਨ ਸਿਧਾਰੇ।
ਪਰੇ ਉਨ੍ਹਾਂ ਬਾਸਾਂ ਦੇ ਬਨ ਵਿਚ
ਜੋ ਹਨ ਜਾ ਪਧਾਰੇ!
ਰਾਧਾ ਉਸ ਦੇ ਪਿਛੇ ਜਾਉ!
ਜਿਸ ਦੇ ਬੋਲ ਸੰਗੀਤ ਲਹਿਰਦੇ।
ਜਿਸ ਦੀ ਸ਼ਾਨ ਦੀ ਮਹਿਮਾ ਨਿਆਰੀ
ਜਾ ਉਸ ਪ੍ਰੇਮ ਨੂੰ ਪਾਉ।
ਉਸੇ ਵਿਚ ਘੁਲ ਜਾਉ।
ਰਾਧਾ ਆਪਣੇ ਪ੍ਰੀਤਮ ਦੇ ਅੰਕ ਸਮਾਉ!
ਖੁਲ੍ਹੀਆਂ ਜੰਘਾਂ ਵਾਲੀ ਰਾਧਾ
ਪ੍ਰੇਮ ਭਰੇ ਹਿਕ ਉਭਾਰਾਂ ਵਾਲੀ ਸੁੰਦਰੀ!
ਜਾਉ ਉਸ ਪ੍ਰੀਤਮ ਦੇ ਨੇੜੇ ਜਾਉ।
ਜੋ ਉਸ ਬਨ ਵਿਚ ਘੁੰਮ ਰਿਹਾ ਹੈ
ਇਧਰ ਉਧਰ
ਕਦੇ ਦਿਸੇ ਕਦੀ ਛਿਪ ਜਾਵੇ!
ਰਾਧਾ! ਉਠੋ ਪ੍ਰੀਤਮ ਵਲ ਜਾਉ।
ਹੰਸ ਚਾਲ ਜਿਵੇਂ ਚਲੇ ਹੰਸਣੀ
ਤਿਵੇਂ ਸੰਗੀਤ ਦੀਆਂ ਲਹਿਰਾਂ
ਤੇਰੀ ਚਾਲ ਦੇ ਤਾਲ ਉਤੇ ਨਿਕਲਣ
ਮਿੱਠਾ ਪਿਆਰਾ ਇਹ ਸੰਗੀਤ
ਮਨ ਨੂੰ ਮੋਹੇ।
ਕੋਇਲ ਜਿਥੇ ਬੋਲੇ ਉਸ ਬਿਰਛਾਂ ਦੀ ਝੰਗੀ ਅੰਦਰ
ਉਸ ਪ੍ਰੀਤਮ ਦਾ ਵਾਸਾ



Sri Satguru Jagjit Singh Ji eLibrary NamdhariElibrary@gmail.com

ਜਾਉ ਉਥੇ ਜਾਉ, ਉਸ ਦੀ ਸ਼ਰਨ ਆਸਰੇ ਅੰਦਰ
ਪ੍ਰੇਮ ਦੀ ਜੋਤ ਜਗਾਉ!
ਰਾਧਾ ਪਿਆਰੀ!
ਆਪਣੇ ਪ੍ਰੀਤਮ ਦੇ ਜਾ ਅੰਕ ਸਮਾਉ।
ਸੁਣੋ ਕਿਵੇਂ ਉਸ ਦੀ ਮਧੂ-ਬੰਸੀ
ਅਨਹਦ ਨਾਦ ਸੁਣਾਏ।
ਜਿਸ ਨੇ ਸੈਆਂ ਗੋਪੀਆਂ ਦੇ ਮਨ ਨੂੰ ਮੋਹਿਆ
ਲਹਿਰ ਲਹਿਰ ਸੰਗੀਤ ਗੁੰਜਾਏ
ਮਧੂਬਨ ਵਿਚ ਸੰਗੀਤ ਰਮਾਏ।
ਰਾਧਾ ਤੂੰ ਦੇਵਾਂ ਨੂੰ ਜਿਤਣਹਾਰੀ
ਪਰ ਪ੍ਰੇਮ ਨੇ ਤੇਰੇ ਮਨ ਨੂੰ ਜਿਤਿਆ
ਮੈਂ ਜਾਵਾਂ ਤੈਥੋਂ ਬਲਿਹਾਰੀ।
ਪਿਆਰੀ ਰਾਧਾ ਉਠੋ ਛੇਤੀ ਜਾਉ
ਆਪਣੇ ਪ੍ਰੀਤਮ ਪਿਆਰੇ ਦੇ
ਜਾ ਕੇ ਅੰਕ ਸਮਾਉ।
ਉਹ ਵੇਖ ਉਸ ਦੇ ਹੱਥ ਪਿਆਰੇ
ਤੈਨੂੰ ਕਰਨ ਇਸ਼ਾਰੇ
ਨਾਲ ਸੰਕੇਤਾਂ ਪਏ ਬੁਲਾਂਦੇ
ਜਿਵੇਂ ਹੋਣ ਬਨ ਦੀਆਂ ਕੋਮਲ ਵੇਲਾਂ
ਜਿਨ੍ਹਾਂ ਦੀਆਂ ਪੱਤੀਆਂ ਅਤਿ ਸੁੰਦਰ
ਪਵਨ ਲਹਿਰਾਂ ਨੂੰ ਛੁਹਦੀਆਂ
ਮਟਕ ਹੁਲਾਰੇ ਲੈਂਦੀਆਂ।
ਉਹ ਰਾਧਾ ਅਭਿਮਾਨੀ
ਤੇਰੀ ਪ੍ਰੀਤ ਦੀ ਅਜਬ ਨਿਸ਼ਾਨੀ
ਸੁਹਲ ਸੁੰਦਰਤਾ ਵਿਚ ਮੱਦ-ਮਾਤੀ
ਹੋਵੋ ਤੁਸੀਂ ਹੁਣ ਨਿਰਬੰਧਨ
ਦਿਉ ਭੁਲਾ ਦੁਨੀਆਂ ਦੇ ਝੇੜੇ
ਸੰਗ ਸੰਕੋਚ ਨੂੰ ਦੂਰ ਹਟਾਉ।
ਰਾਧਾ ਪਿਆਰੀ! ਸਖੀ ਨਿਆਰੀ!
ਆਪਣਾ ਪ੍ਰੀਤਮ ਪਾਉ!
ਉਸ ਦੇ ਅੰਕ ਸਮਾਉ!
ਆ ਗਈ ਸੰਜੋਗ ਘੜੀ ਹੁਣ



Sri Satguru Jagjit Singh Ji eLibrary NamdhariElibrary@gmail.com

ਮਨ ਆਪਣੇ ਤਾਂਈਂ ਜਗਾਉ !
ਜਾ ਪ੍ਰੀਤਮ ਦੇ ਅੰਕ ਸਮਾਉ !
ਤੁਹਾਡਾ ਸੁੰਦਰ ਸੁਹਲ ਸਰੀਰ
ਕੀਤਾ ਜਿਸ ਸ਼ਿੰਗਾਰ। ਅਹਿਲ ਜਵਾਨੀ
ਸੂਹੇ ਗ਼ੁਲਾਬਾਂ ਦੇ ਖੇੜੇ ਹਾਰ
ਜਿਸ ਦੇ ਕਣ ਕਣ ਅੰਦਰ
ਸ਼ਹਿਦ ਦੀ ਭਰੀ ਮਿਠਾਸ
ਜਿਸ ਦੇ ਰੋਮ ਰੋਮ ਵਿਚ
ਖ਼ੁਸ਼ੀਆਂ ਕਰਦੀਆਂ ਨਾਚ।
ਦਿਲ ਦੀਆਂ ਸੂਖਮ ਖ਼ੁਸ਼ੀ ਤਰੰਗਾਂ
ਲਹਿਰ ਲਹਿਰ ਦੇ ਏਦਾਂ ਕਰਨ ਪਸਾਰ
ਤੁਹਾਡੇ ਲੱਕ ਦੀ ਕੋਮਲ ਪੇਟੀ ਦੇ ਨਿੱਕੇ ਘੁੰਗਰੂ
ਗੂੰਜਣ ਵਿਚ ਝੁਣਕਾਰ।
ਮਸਤੀ ਭਰੀਆਂ ਪ੍ਰੇਮ ਲਹਿਰਾਂ ਦੀ
ਅਦਭੁਤ ਦਿਸੇ ਕਾਰ।
ਛਲਕੇ ਸੰਗੀਤ ਲਹਿਰ ਦੇ ਵਾਂਗਰ
ਜੋ ਵਿਚ ਪਿਆਰ।
ਉਹ ਸੁੰਦਰਤਾ ਦੇ ਮੌਨ ਹਰਸ਼ ਸਰੂਪ !
ਮਹਿਮਾ ਤੇਰੀ ਅਤਿ ਅਨੂਪ !
ਆਪਣੇ ਪ੍ਰੇਮ ਦੀ ਤਾਰ ਜਗਾਉ
ਆਪਣੀਆਂ ਸੁਹਲ ਕਲਾਈਆਂ
ਵਾਲੇ ਜੜਾਊ ਗਜਰੇ
ਇਸ ਤਰ੍ਹਾਂ ਛਣਕਾਉ !
ਮਧੁਰ ਗੀਤ ਦੀ ਲਹਿਰ ਜੋ ਉਭਰੇ
ਪ੍ਰੀਤਮ ਦੇ ਗਲੇ ਲਗਾਉ।
ਉਸ ਦੇ ਅੰਕ ਸਮਾਉ !
ਉਹ ਪ੍ਰੇਮ ਦੀ ਜਗਦੀ ਜੋਤੀ
ਮਘਦੀ ਮੂਰਤ !
ਤੇਰਾ ਦਿਲ ਹੀ ਨਹੀਂ ਪ੍ਰੀਤ ਲਈ ਲੁਛਦਾ
ਸਿਸਕੇ, ਤੜਪੇ, ਤੈਨੂੰ ਲੋਚੇ
ਤੇਰੇ ਵਾਂਗ ਹੀ ਦਿਲ ਤੇਰੇ ਪ੍ਰੀਤਮ ਦਾ।
ਵੇਖ ਆਪਣੀ ਹੋਂਦ ਦੀ ਇਕੱਲ ਵਿਚ



Sri Satguru Jagjit Singh Ji eLibrary NamdhariElibrary@gmail.com

ਉਹ ਕਿਵੇਂ ਬਨ ਵਿਚ ਬੈਠਾ
ਜਿਸ ਦੇ ਗਿਰਦੇ ਹੈ ਪਸਰਿਆ
ਅੰਧਕਾਰ ਤੇ ਹਨੇਰਾ
ਉਸ ਦੇ ਦਿਲ ਦੀ ਇਕੱਲ ਦਾ।
ਉਹ ਇਸ ਭੇਦ ਨੂੰ ਜਾਣੇ
ਪ੍ਰੀਤ ਦੀ ਰਮਜ਼ ਪਛਾਣੇ
ਛਿਪ ਨਹੀਂ ਸਕਦਾ ਉਸ ਦੇ ਕੋਲੋਂ
ਭੇਦ ਇਹ ਤੇਰੇ ਪਿਆਰ ਦਾ
ਜਿਸ ਦੀ ਤੂੰ ਨਾ ਜਾਣੇ ਸਾਰ।
ਜਿਸ ਨੂੰ ਉਸ ਦਾ ਪਿਆਰ
ਲਗੇ ਇਕ ਭਾਰ!
ਪਰ ਉਹ ਸਦਾ ਇਹ ਲੋਚੇ ਆਪਣੇ ਦਿਲ ਵਿਚ
ਸਦਾ ਇਹ ਚਾਹੇ,
ਕਦੋਂ ਉਸ ਦੀ ਰਾਧਾ ਪਿਆਰੀ ਉਸ ਕੋਲ ਆ ਜਾਏ
ਆਪਣੇ ਮਿੱਠੜੇ ਗੀਤਾਂ ਵਰਗੇ ਬੋਲਾਂ ਨਾਲ
ਉਸ ਦੇ ਮਨ ਨੂੰ ਟੁੰਬ ਜਗਾਏ।
ਤੇਰੇ ਪ੍ਰੇਮ ਵਿਚ ਪਿਘਲੇ
ਇਸ ਕਾਂਇਆਂ ਦੀ ਸੂਖਮ ਛੁਹ ਨੂੰ ਅਨੁਭਵ ਕਰਕੇ
ਉਹ ਫਿਰ ਕੰਬ ਕੰਬ ਜਾਏ।
ਦਿਲ ਵਿਚ ਉਠਣ ਪ੍ਰੇਮ ਤਰੰਗਾਂ
ਕਿਵੇਂ ਉਨ੍ਹਾਂ ਦੀਆਂ ਚੰਚਲ ਲਹਿਰਾਂ ਨੂੰ
ਉਹ ਹੁਣ ਆਪਣੇ ਹਿਰਦੇ ਵਿਚ ਲੁਕਾਏ!
ਸੰਯੋਗ ਘੜੀ ਦੇ ਮਿੱਠੇ ਪਿਆਰੇ
ਮੇਲ ਅਨੰਦ ਨੂੰ
ਉਹ ਵੀ ਤੇਰੇ ਵਾਂਗ ਹੀ ਚਾਹਵੇ।
ਤੇਰੇ ਵਿਚ ਧਿਆਨ ਮਗਨ ਹੈ
ਵਿਚ ਕਲਪਨਾ ਇੰਞ ਚਿਤਵਦਾ
ਜਿਵੇਂ ਤੂੰ ਹੋਵੇਂ ਆਈ, 'ਉਡੀਕੇ, ਬਾਹਰਵਾਰ
ਉਸ ਦੇ ਖੜ ਕੇ ਦਵਾਰ।
ਉਹ ਵੀ ਦੌੜ ਕੇ ਬਾਹਰ ਬੂਹੇ ਵਲ ਨੂੰ ਆਵੇ
ਤੇਰੇ ਵਿਚ ਸੁਆਗਤ ਨੱਠ ਕੇ ਉਠ ਧਾਵੇ।
ਕੰਬੇ ਫਿਰ ਵਿਚ ਪ੍ਰੇਮ ਕੰਬਣੀ



Sri Satguru Jagjit Singh Ji eLibrary NamdhariElibrary@gmail.com

ਸਾਰੀ ਉਸ ਦੀ ਕਾਂਇਆਂ
ਜਿਵੇਂ ਅੰਦਰੋਂ ਵੇਗ ਇਕ ਉਛਲੇ
ਤੈਨੂੰ ਵਿਚ ਧਿਆਨ ਲਿਆਇਆਂ।
ਇਵੇਂ ਹੀ ਉਹ ਤੈਨੂੰ ਕਲਪੇ
ਵਿਚ ਧਿਆਨ ਜਗਾਵੇ
ਪ੍ਰੇਮ ਅਨੰਦ ਵਿਚ ਇੰਝ ਗੁਆਚੇ
ਮਸਤਾਨਾ ਹੋ ਹੋ ਜਾਵੇ।
ਉਹ ਸ਼ਰਧਾ ਪ੍ਰੇਮ 'ਚ ਰੱਤੀ ਰਾਧਾ !
ਮੇਰੀ ਸਖੀ ਨਿਆਰੀ !
ਉਠੋ ਪ੍ਰੀਤਮ ਦੇ ਅੰਕ ਸਮਾਉ
ਜਾਵਾਂ ਤੈਥੋਂ ਵਾਰੀ।
ਰਾਧਾ ਪਿਆਰੀ ! ਸਖੀ ਨਿਆਰੀ !
ਸੰਝ ਹਨੇਰਾ ਛਾਏ।
ਇਸ ਸਗਲ ਸ੍ਰਿਸ਼ਟੀ ਤਾਂਈਂ
ਆਪਣੀ ਬੁਕਲ ਵਿਚ ਛੁਪਾਏ।
ਪ੍ਰੀਤਮ ਪਿਆਰਾ ਥੱਕਿਆ ਥੱਕਿਆ
ਸਾਰਾ ਦਿਨ ਹੈ ਉਸ ਨੇ ਕੀਤਾ ਅਜਬ ਵਿਹਾਰ
ਉਸ ਨੂੰ ਮਲ ਲਿਆ ਹੈ ਸਖੀਏ
ਸੈਆਂ ਸੰਸਿਆ ਦੇ ਭਾਰ।
ਸੈਆਂ ਨਾਰਾਂ ਦੇ ਕੰਵਲ ਨੈਣਾਂ ਨੂੰ
ਉਸ ਆਪਣੀਆਂ ਉਂਗਲਾਂ ਨਾਲ
ਕੱਜਲ ਹੈ ਪਾਇਆ।
ਤਮਲ-ਫੁਲਾਂ ਦੀਆਂ ਵਾਲੀਆਂ ਨਾਲ ਉਸ
ਸੈਆਂ ਨਾਰਾਂ ਦੇ ਕੰਨਾਂ ਤਾਂਈਂ ਸਜਾਇਆ।
ਸੈਆਂ ਨਾਰਾਂ ਜੋ ਉਸ ਦੇ ਕੋਲੋਂ ਦੂਰ ਨਸ ਨਸ ਜਾਵਣ
ਉਨ੍ਹਾਂ ਨੂੰ ਉਸ ਨੇ ਸੀ ਫੜਿਆ
ਆਪਣੇ ਕੋਲ ਬਹਾਇਆ।
ਫ਼ੁੱਲ ਬਨਫ਼ਸ਼ੇ ਦੇ ਹਾਰ ਬਣਾ ਕੇ
ਉਨ੍ਹਾਂ ਦੇ ਸੁਹਲ ਗਲਾਂ ਵਿਚ ਸੀ ਪਾਇਆ।
ਰਾਧਾ ਪਿਆਰੀ ! ਸਖੀ ਨਿਆਰੀ !
ਪ੍ਰੇਮ ਭਗਤਣੀ ! ਸ਼ਰਧਾ ਸਾਰੀ !
ਰੈਣ ਅੰਧਿਆਰੀ, ਛਾ ਗਈ ਸਾਰੇ



Sri Satguru Jagjit Singh Ji eLibrary NamdhariElibrary@gmail.com

ਜਿਸ ਦਾ ਊਦਾਂ ਰੰਗ ਤਮਲ-ਪੱਤੀਆਂ ਤੋਂ ਵੀ ਗੂੜ੍ਹਾ ਨੀਲਾ
ਉਸ ਦੇ ਮਿਲਣ ਸਥਾਨ ਨੂੰ ਢੂੰਡ ਰਹੇ ਜੋ ਪਿਆਰੇ
ਕਰ ਰਹੇ ਭਾਲ ਉਨ੍ਹਾਂ ਦੇ ਗਲਾਂ ਵਿਚ ਲਟਕਣ
ਚਾਨਣ ਦੇ ਹਾਰ।
ਚਾਨਣ ਫ਼ੁਲਾਂ ਨਾਲ ਪਰੁੱਚੇ
ਲਟਕਣ ਵੇਲਾਂ ਹਾਰ।
ਉਨ੍ਹਾਂ ਗਿਰਦੇ ਘੁੰਮਦਾ ਚਾਨਣ-ਘੇਰਾ ਦਾ ਪਰਿਵਾਰ
ਜਿਸ ਤੋਂ ਤੀਰ ਅੰਗਾਰੇ
ਛੁਟਦੇ ਵਿਚ ਪਸਾਰ।
ਸਾਂਗਾਂ ਵਾਂਗ ਜੋ ਸੱਲ ਲਗਾਂਦੇ
ਖੰਨਿਉਂ ਤਿਖੀ ਹੋਵੇ ਜਿਨ੍ਹਾਂ ਦੀ ਧਾਰ।
ਇਹ ਮੋਤੀਆਂ ਦੀਆਂ ਲੜੀਆਂ
ਤਾਰਿਆਂ ਜੜੀਆਂ
ਜਿਨ੍ਹਾਂ ਦੀ ਚਮਕ ਅਪਾਰ।
ਦਸੇ ਜੋ ਪ੍ਰੀਤਮ ਦੀ ਹੋਂਦ
ਇਸ ਵਿਸ਼ਾਲ ਅਨੰਤ ਪਸਾਰ।
ਚਮਕੇ ਜੋ ਏਦਾਂ ਜਿਵੇਂ ਕਸਵਟੀ ਉਤੇ ਚਮਕੇ
ਖ਼ਰੇ ਸੋਨੇ ਦੀ ਤਾਰ।

(ਰਾਧਾ ਅਤੇ ਸਖੀ ਬਨ ਵਿਚ ਕ੍ਰਿਸ਼ਨ ਜੀ ਦੇ ਦਵਾਰ ਉਤੇ ਪੁਜ ਜਾਂਦੀਆਂ ਹਨ। ਉਸ ਦੇ ਰਤਨਾਂ ਦੀ ਚਮਕ ਚੁੰਧਿਆ ਦੇਣ ਵਾਲੀ ਹੈ। ਸਖੀ ਉਸ ਦੀ ਸ਼ਾਨ ਨੂੰ ਵੇਖ ਕੇ ਚਕਾ ਚੌਂਦ ਹੋ ਜਾਂਦੀ ਹੈ।)

ਸਖੀ: ਰਾਧਾ ਪਿਆਰੀ ! ਸਖੀ ਨਿਆਰੀ !
ਸੁੰਦਰਤਾ ਦੀ ਇਸ ਝੰਗੀ ਅੰਦਰ
ਉਸ ਪ੍ਰੀਤਮ ਨੂੰ ਪਾਉ !
ਤੇਰਾ ਮੁੱਖੜਾ ਦਮਕ ਰਿਹਾ ਹੈ
ਉਸ ਦੇ ਅੰਦਰ ਪਿਆਰ !
ਤੇਰੇ ਸੀਨੇ ਉਪਰ ਲਟਕੇ
ਮਹਾਂ ਅਨੰਦ ਦਾ ਹਾਰ।
ਅਸ਼ੋਕ ਬਿਰਛ ਦੀਆਂ ਨਵ ਪੱਤੀਆਂ ਦੀ
ਭਿੰਨੀ ਮਹਿਕ ਅਪਾਰ,



Sri Satguru Jagjit Singh Ji eLibrary NamdhariElibrary@gmail.com

ਉਸ ਪ੍ਰੀਤਮ ਨੂੰ ਪਾਉ ਜਾ ਕੇ
ਮਾਣੋ ਉਸ ਦਾ ਪਿਆਰ!
ਰਾਧਾ ਪਿਆਰੀ! ਸਖੀ ਨਿਆਰੀ!
ਤੇਰਾ ਤਨ ਹੈ ਪੁਸ਼ਪਾਂ ਦਾ ਆਕਾਰ।
ਜਿਸ ਵਿਚ ਖਿੜੀ ਬਸੰਤ ਬਹਾਰ।
ਉਸ ਪ੍ਰੀਤਮ ਦੇ ਅੰਕ ਸਮਾਉ
ਮਾਣੋ ਉਸ ਦਾ ਪਿਆਰ!
ਰਾਧਾ ਪਿਆਰੀ! ਸਖੀ ਨਿਆਰੀ!
ਅਤਿ ਸੁੰਦਰ ਮਨਮੋਹਣੇ ਗੀਤ ਦੇ ਹਾਰ।
ਹੈ ਤੇਰਾ ਇਹ ਸੁੰਦਰ ਰੂਪ ਆਕਾਰ!
ਨਿਹਚੇ ਤੇ ਵਿਸ਼ਵਾਸ ਦੇ ਕੁੰਜ ਗੋਸ਼ੇ
ਜਿਥੇ ਚੰਨਣ-ਭਿੰਨੀ ਪਵਨ ਦੀ ਮਹਿਕਾਰ।
ਜਾਉ ਉਥੇ ਆਪਣਾ ਪ੍ਰੀਤਮ ਪਾਉ!
ਉਸ ਦੇ ਅੰਕ ਸਮਾਉ!
ਉਸੇ ਦੀ ਹੋ ਜਾਉ!
ਇਸ ਰਮਣੀਕ ਸਥਾਨ ਤੇ
ਜਿਥੇ ਸੈਆਂ ਵੇਲਾਂ ਦੀਆਂ ਛਾਂਵਾਂ ਦਾ
ਅੰਤ ਨਾ ਪਾਰਾਵਾਰ!
ਉਥੇ ਜਾ ਕੇ ਪਾਉ ਆਪਣਾ ਪਿਆਰ!
ਪ੍ਰੀਤਮ ਦੇ ਅੰਕ ਸਮਾਉ!
ਰਾਧਾ ਪਿਆਰੀ! ਸਖੀ ਨਿਆਰੀ!
ਉਸੇ ਦੀ ਹੋ ਜਾਉ!
ਰਾਧਾ ਪਿਆਰੀ! ਸਖੀ ਨਿਆਰੀ!
ਉਸ ਦੇ ਸੁੰਦਰ ਨਾਮ ਦੇ ਰਸ ਰੰਗ ਮਾਤੀ!
ਇਨ੍ਹਾਂ ਬਨਾਂ ਦੇ ਅੰਦਰ ਵਸਿਆ ਤੁਹਾਡਾ ਪਿਆਰ!
ਜਿਥੇ ਸੈਆਂ ਮਧੂ-ਮੱਖੀਆਂ ਨੇ
ਰਟਿਆ ਉਸ ਦਾ ਨਾਮ
ਮਿੱਠੀ ਹੈ ਗੁੰਜਾਰ
ਫੁੱਲ ਜੋਬਨ ਤੇ ਜਿਹੜੇ ਹਨ ਵਿਚ ਹੁਲਾਰ।
ਉਨ੍ਹਾਂ ਕੰਨੀ ਗੂੰਜ ਰਹੀ ਹੈ
ਨਾਮ ਗੀਤ ਦੀ ਤਾਰ।
ਉਥੇ ਜਾ ਕੇ ਰਾਧਾ ਪਿਆਰੀ



Sri Satguru Jagjit Singh Ji eLibrary NamdhariElibrary@gmail.com

ਪਾਉ ਆਪਣਾ ਪਿਆਰ।
ਪ੍ਰੀਤਮ ਅੰਕ ਸਮਾਉ!
ਉਸੇ ਦੀ ਹੋ ਜਾਉ!
ਰਾਧਾ ਪਿਆਰੀ! ਸਖੀ ਨਿਆਰੀ!
ਤੁਹਾਡੇ ਸੁੰਦਰ ਦੰਤ ਰਸਾਲ
ਚਮਕਣ ਰਤਨਾਂ ਹਾਰ!
ਇਸ ਬਨ ਵਿਚ ਜਿਥੇ ਸੈਅ ਕੋਇਲਾਂ
ਸੁੰਦਰ ਨਾਮ ਉਸੇ ਦਾ ਜਪਦੀਆਂ ਜਾਪ
ਪੀਵਨ ਅੰਮ੍ਰਿਤ ਧਾਰ।
ਉਥੇ ਜਾ ਕੇ ਪਾਉ ਆਪਣਾ ਪਿਆਰ।
ਪ੍ਰੀਤਮ ਅੰਕ ਸਮਾਉ!
ਉਸੇ ਦੀ ਹੋ ਜਾਉ!
ਰਾਧਾ ਪਿਆਰੀ! ਸਖੀ ਨਿਆਰੀ!
ਡਰ ਨਾ ਪ੍ਰੀਤਮ ਕੋਲੋਂ!
ਕ੍ਰਿਸ਼ਨ ਆਪਣੇ ਨਾਮ ਅੰਮ੍ਰਿਤ ਦਾ ਪਿਆਸਾ
ਜਿਸ ਦੀ ਵਹਿੰਦੀ
ਤੇਰੀਆਂ ਕੋਮਲ ਬੁਲ੍ਹੀਆਂ ਉਤੇ ਅੰਮ੍ਰਿਤ ਧਾਰ!
ਉਸ ਦਾ ਮਨ ਤਨ ਹੁਟਿਆ ਤੇ ਥਕਿਆ
ਤ੍ਰਿਸ਼ਨਾ ਅਗਨੀ ਜੋ ਫ਼ੈਲੀ ਵਿਚ ਸੰਸਾਰ।
ਉਸ ਨੇ ਦਿਤਾ ਉਸ ਦੇ ਮਨ ਨੂੰ ਸਾੜ
ਪੀਣਾ ਚਾਹੇ ਰਾਧਾ ਪਿਆਰ!
ਉਹ ਹੁਣ ਨਾਮ ਰੂਪ ਦੀ ਅੰਮ੍ਰਿਤ ਧਾਰ!
ਜੋ ਸਕਦੀ ਹੈ ਉਸ ਦੇ ਤਪਦੇ ਮਨ ਨੂੰ ਠਾਰ!
ਇਕ ਪਲ, ਇਕ ਛਿਣ ਦਾ ਇਹ ਸੰਯੋਗੀ ਮੇਲ
ਰਾਧਾ ਹੈ ਇਹ ਨਹੀਂ ਕੋਈ ਖੇਲ।
ਨਾ ਹੈ ਇਹ ਕੋਈ ਪ੍ਰੇਮ ਕਲੋਲ ਦਾ ਕੇਲ
ਹੈ ਇਹ ਇਕ ਸੰਯੋਗੀ ਮੇਲ।
ਜਾਉ ਆਪਣਾ ਪ੍ਰੇਮ ਧਿਆਉ!
ਪ੍ਰੀਤਮ ਦੇ ਅੰਕ ਸਮਾਉ!
ਇਕ ਰੂਪ ਹੋ ਜਾਉ!

(ਰਾਧਾ, ਆਪਣੀ ਆਤਮਾ ਦੇ ਇਕਾਂਤ ਕੁੰਜ



Sri Satguru Jagjit Singh Ji eLibrary NamdhariElibrary@gmail.com

ਵਿਚ ਪ੍ਰਵੇਸ਼ ਕਰਦੀ ਹੈ। ਉਸ ਦੇ ਪੈਰਾਂ ਦੀਆਂ ਝਾਂਜਰਾਂ ਸੰਗੀਤ ਅਲਾਪ ਰਹੀਆਂ ਹਨ ਅਤੇ ਉਸ ਦੇ ਨੈਣਾਂ ਵਿਚ ਦਰਸ਼ਨ ਦਾ ਅਕਹਿ ਅਨੰਦ ਪ੍ਰਵਾਹਤ ਹੋ ਰਿਹਾ ਹੈ। ਕ੍ਰਿਸ਼ਨ ਜੀ ਉਸ ਦੇ ਸਨਮੁਖ ਬਿਰਾਜਮਾਨ ਹਨ ਅਤੇ ਉਸ ਦੀ ਆਤਮਾ ਦਰਸ਼ਨ ਦੇ ਪਰਮ ਸੁੰਦਰ ਸਰੂਪ ਨੂੰ ਧਿਆਨ ਮਗਨ ਨਿਹਾਰ ਰਹੀ ਹੈ।)

(ਰਾਧਾ ਇਹ ਗੀਤ ਆਪਣੇ ਨੈਣਾਂ ਨਾਲ ਗਾਉਂਦੀ ਹੈ।)

ਰਾਧਾ : ਪ੍ਰੀਤਮ ਪਿਆਰੇ ! ਮੇਰੇ ਪ੍ਰਾਣ ਅਧਾਰੇ !
ਕਰਦੇ ਹੋ ਤੁਸੀਂ ਮੈਂ ਨਿਰਬਲ ਨੂੰ ਪਿਆਰ !
ਕੇਵਲ ਮੈਂ ਨਿਰਬਲ ਨੂੰ ਪਿਆਰ !
ਮੈਨੂੰ ਮਿਲਣ ਦੀ ਸੀ ਤੁਹਾਡੇ ਮਨ ਵਿਚ ਤੀਬਰ ਲੋਚਾ
ਕਰ ਰਹੇ ਸੀ ਤੁਸੀਂ ਮੇਰਾ ਹੀ ਇੰਤਜ਼ਾਰ !
ਪ੍ਰੀਤਮ ਪ੍ਰੇਮ ਦੀ ਖਿਚ ਅਪਾਰ !
ਮੈਨੂੰ ਤੱਕ ਕੇ ਤੁਹਾਡਾ ਸੁੰਦਰ ਮੁੱਖੜਾ
ਚਮਕ ਉਠਿਆ ਹੈ ਵਿਚ ਪਿਆਰ
ਜਾਵਾਂ ਮੈਂ ਬਲਿਹਾਰ !
ਤੁਹਾਡੇ ਮਿੱਠੇ ਬੈਣਾਂ ਤੋਂ ਕਾਮਦੇਵ ਨੇ ਚੁਰਾਏ ਬਾਣ
ਕੱਸੀ ਫ਼ੁੱਲਾਂ ਦੀ ਕਮਾਨ
ਤੀਰ ਚਲਾਏ ਚਾਰ ਚੁਫੇਰੇ
ਰੰਗਦਾਰ ਕਮਾਨ 'ਚੋਂ ਛੱਡੇ ਐਸੇ ਬਾਣ
ਵਿੰਨ੍ਹੇ ਗਏ ਪ੍ਰੇਮ ਪੀੜਾਂ ਵਿਚ
ਸੈਆਂ ਦਿਲ ਜਵਾਨ !
ਪ੍ਰੀਤਮ ਪਿਆਰੇ !
ਜਿਦਾਂ ਮਹਾਂ ਸਾਗਰ ਵਿਚ ਚੰਦਰ ਲਏ ਹੁਲਾਰੇ
ਤੁਹਾਡੇ ਦਿਲ ਸਾਗਰ ਦੇ ਅੰਦਰ
ਏਦਾਂ ਪਿਆਰ ਮੇਰਾ ਹੀ ਠਾਠਾਂ ਮਾਰੇ !
ਜਿਸ ਨੇ ਮੇਰੀ ਰੂਹ ਨੂੰ ਦਿਤੇ ਪਰਮ ਹੁਲਾਰੇ !
ਪ੍ਰੀਤਮ ਪਿਆਰੇ ! ਮੇਰੇ ਪ੍ਰੇਮ ਦੁਲਾਰੇ !
ਜਾਵਾਂ ਮੈਂ ਬਲਿਹਾਰੇ !
ਤੁਹਾਡੇ ਸੀਨੇ ਉਪਰ ਜਿਹੜਾ ਰਤਨਾਂ ਜੜਿਆ ਹਾਰ



Sri Satguru Jagjit Singh Ji eLibrary NamdhariElibrary@gmail.com

ਲਟਕੇ ਜੋ ਗਰਦਨ ਦੇ ਗਿਰਦੇ
ਜਿਸ ਦਾ ਗੋਡਿਆਂ ਤਕ ਹੈ ਮਹਾਂ-ਪਸਾਰ!
ਜਾਪੇ ਜਮਨਾਂ ਦੀ ਵਿਚ ਨੀਲੀ ਧਾਰ
ਲਹਿਰਾਂ ਦੇ ਵਿਚ ਇੰਝ ਲਏ ਹੁਲਾਰ!
ਜਿਦਾਂ ਤਰ ਰਿਹਾ ਹੋਵੇ ਲਹਿਰਾਂ ਉਪਰ
ਕੋਈ ਰਾਜਹੰਸ ਅਵਤਾਰ!
ਪ੍ਰੀਤਮ ਪਿਆਰੇ!
ਤੁਹਾਡੀ ਅਤਿ ਮਨਮੋਹਣੀ ਕਾਂਇਆਂ
ਦਾ ਜੋ ਸੂਖਮ ਆਕਾਰ
ਉਸ ਤੋਂ ਪਸਰ ਰਿਹਾ ਹੈ
ਮਹਾਂ ਨੂਰਾਂ ਦਾ ਪਸਾਰ।
ਅਤਿ ਪਵਿੱਤਰ ਨਿਰਮਲ ਹੈ
ਅਨੀਲ ਰੂਪ ਅਪਾਰ!
ਤੁਹਾਡੇ ਸੋਨ ਸੁਨਹਿਰੀ ਬਸਤਰ
ਉਪਮਾ ਜਿਸ ਦੀ ਕਥਨੋਂ ਬਾਹਰ
ਚਾਨਣ ਰਹੇ ਪਸਾਰ!
ਤੁਸੀਂ ਹੋ ਨੀਲ ਕੰਵਲ ਸਮਾਨ
ਪਾਰਦਰਸ਼ੀ ਆਤਮ ਰਸ
ਵਿਚ ਜੋ ਲਏ ਹੁਲਾਰੇ।
ਉਪਮਾ ਜਿਸ ਦੀ ਹੈ ਮਹਾਨ।
ਜਿਸ ਦੀਆਂ ਜੜ੍ਹਾਂ ਦੂਰ ਹਨ ਗੱਡੀਆਂ
ਵਿਚ ਸੁਨਹਿਰੀ ਰੇਤ ਕਣਾਂ ਵਿਚ
ਟਿਕਿਆ ਹੈ ਜੋ ਵਿਚ ਉਚ ਅਸਮਾਨ
ਸਭ ਦੇ ਸਿਰ ਉਪਰ ਜੋ ਲਹਿਰੇ
ਨੀਲੇ ਛਤਰ ਸਮਾਨ!
ਨੈਣ ਤੁਹਾਡੇ ਰਮਜ਼ਾਂ ਲੱਦੇ
ਨੀਲੇ ਛੰਭ ਵਿਚ ਜਿਵੇਂ ਵਿਚਰਦੇ
ਨੀਲੀਆਂ ਧੌਣਾਂ ਵਾਲੇ ਪੰਛੀ
ਕੰਵਲ-ਡੰਡੀਆਂ ਨੂੰ ਜੋ ਚੁੰਝਾਂ ਨਾਲ ਹੁਲਾਰਨ
ਕਰਦੇ ਪਰੇਮ ਕਲੋਲ!
ਤੁਹਾਡੇ ਬੁਲ ਹਨ ਪਰੇਮ ਤ੍ਰਿਹਾਏ
ਲੋਚਣ ਜੋ ਪੀਣੀ ਅੰਮ੍ਰਿਤ ਧਾਰ



Sri Satguru Jagjit Singh Ji eLibrary NamdhariElibrary@gmail.com

ਚੁੰਮ ਕੇ ਮੇਰੇ ਹੋਠਾਂ ਤਾਂਈਂ
ਜਿਨ੍ਹਾਂ ਉਤੇ ਵਸ ਰਹੀ ਹੈ
ਆਪ ਮੁਹਾਰੇ ਰਸ ਅੰਮ੍ਰਿਤ ਫੁਹਾਰ !
ਤੁਹਾਡੇ ਮਨਮੋਹਣੇ ਮੁੱਖੜੇ ਦਾ
ਇਹ ਜੋ ਗੁਝਾ ਹਾਸਾ ਤੇ ਮੁਸਕਾਨ
ਜੀਵਨ ਦੇ ਅਤਿ ਸੂਖਮ ਰੂਪ ਦੀ
ਦਸਦਾ ਹੈ ਪਛਾਣ !
ਕੀ ਹੈ ਜੀਵਨ ? ਕੀ ਹੈ ਇਸ ਦੀ ਸ਼ਕਤੀ ?
ਕੀ ਹੈ ਇਸ ਦਾ ਰਹੱਸ ਮਹਾਨ ?
ਤੁਹਾਡੇ ਕੰਵਲ ਮੁੱਖੜੇ ਦੇ ਗਿਰਦੇ
ਕੰਨਾਂ ਦੇ ਜੋ ਵਾਲੇ
ਚਮਕਣ ਰਵੀ ਸਮਾਨ !
ਸੁੰਦਰ ਕੁੰਡਲ ਕੇਸਾਂ ਦੇ
ਕਾਲੀ ਘਟਾ ਦੇ ਹਾਰ !
ਮਸਤਕ ਦਾ ਜੋ ਚੰਦਨ ਤਿਲਕ
ਚਮਕੇ ਚੰਨ ਸਮਾਨ
ਜਿਵੇਂ ਰਾਤ ਨੂੰ ਵਿਚ ਅਸਮਾਨ !
ਤੁਹਾਡਾ ਤਨ ਖ਼ੁਸ਼ੀਆਂ ਨਾਲ ਭਰਪੂਰ
ਤੁਸੀਂ ਉਸ ਪ੍ਰੀਤ ਦੀ ਮਿੱਠੀ ਲਹਿਰ
ਜਿਸ ਦਾ ਪਸਰਿਆ ਅਨੰਤਾਂ ਤਕ ਪਸਾਰ !
ਤੁਹਾਡੀ ਸੁੰਦਰ ਕਾਂਇਆਂ ਉਤੇ ਲਹਿਰੇ
ਲੱਖਾਂ ਤਾਰਿਆਂ ਦਾ ਮਹਾਂ ਪ੍ਰਕਾਸ਼ !
ਹੀਰੇ ਰਤਨਾਂ ਜੜਿਆ ਚਮਕੇ
ਜਿਸ ਦਾ ਨੂਰ ਮਹਾਨ
ਜੋ ਹੈ ਤੁਹਾਡੀ ਆਤਮਾ ਦਾ ਪ੍ਰਮਾਣ !

(ਰਾਧਾ ਇਹ ਮਧੁਰ ਗੀਤ ਆਪਣੇ ਨੈਣਾਂ ਨਾਲ ਹੀ ਗਾ ਰਹੀ ਹੈ। ਉਸ ਦੇ ਨੇਤਰਾਂ ਵਿਚੋਂ ਅਕਹਿ ਅਨੰਦ ਵਿਚ ਪਵਿੱਤਰ ਹੰਝੂ ਚਿੱਟੇ ਮੋਤੀਆਂ ਦੀ ਮਾਲਾ ਦੇ ਮਣਕਿਆਂ ਹਾਰ ਇਕ ਇਕ ਕਰਕੇ ਕਿਰ ਰਹੇ ਹਨ। ਕ੍ਰਿਸ਼ਨ ਜੀ ਉਸ ਇਕਾਂਤ ਵਿਚ ਉਸ ਨੂੰ ਤੱਕ ਰਹੇ ਹਨ। ਸਭ ਸਖੀਆਂ ਉਸ ਨੂੰ ਉਥੇ ਇਕੱਲੀ ਛੱਡ ਕੇ



Sri Satguru Jagjit Singh Ji eLibrary NamdhariElibrary@gmail.com

ਚਲੀਆਂ ਗਈਆਂ ਹਨ। ਉਹ ਫ਼ੁੱਲ-ਸੇਜਾ ਉਤੇ ਲੇਟੀ ਪ੍ਰੀਤਮ ਦੇ ਪ੍ਰੇਮ ਅੰਮ੍ਰਿਤ ਨੂੰ ਚਖ਼ ਰਹੀ ਹੈ। ਪ੍ਰੇਮ-ਭਿੰਨੀ ਉਸ ਕਾਂਇਆਂ ਕੰਬ ਰਹੀ ਹੈ। ਪ੍ਰੀਤਮ ਦੇ ਸੁੰਦਰ ਮੁਖੜੇ ਤੋਂ ਵਰ੍ਹ ਰਹੇ ਪ੍ਰੇਮ ਦੇ ਤੀਰ ਉਸ ਦੇ ਹਿਰਦੇ ਨੂੰ ਵਿੰਨ੍ਹ ਰਹੇ ਹਨ ਅਤੇ ਉਸ ਦੀਆਂ ਬੁਲ੍ਹੀਆਂ ਪ੍ਰੀਤਮ ਪਿਆਰੇ ਦੀ ਛੁਹ ਲਈ ਵਿਆਕੁਲ ਹਨ।)

ਕ੍ਰਿਸਨ : ਰਾਧਾ ਮੇਰੀ ਪਰਮ ਪਿਆਰੀ !
ਮੇਰੇ ਨੇੜੇ ਆਉ !
ਤੁਹਾਡੇ ਸੁਖ ਲਈ ਫ਼ੁਲ-ਸੇਜਾ ਨੂੰ
ਹਿਰਦੇ ਵਿਚ ਸਜਾਇਆ
ਪਾ ਲਵਾਂ ਤੇਰੀ ਮਿੱਠੀ ਛੁਹ ਨੂੰ
ਦਿਲ ਮੇਰਾ ਸਧਰਾਇਆ।
ਰਾਧਾ ਮੇਰੀ ਪਰਮ-ਪਿਆਰੀ !
ਮਿਹਰ ਦਾ ਮੀਂਹ ਬਰਸਾਉ
ਪਰੇਮ ਰੂਪ ਹੋ ਜਾਉ !
ਆਪਣੇ ਕੋਮਲ ਪੈਰਾਂ ਦੀ ਛੁਹ ਮੈਨੂੰ ਬਖ਼ਸ਼ੋ
ਜਿਨ੍ਹਾਂ ਵਿਚ ਮੇਰੀ ਪ੍ਰੀਤ ਚਿਣਗ ਹੈ ਭਖਦੀ
ਸੂਹੇ ਫ਼ੁਲਾਂ ਹਾਰ।
ਮੈਂ ਜਾਵਾਂ ਬਲਿਹਾਰ !
ਇਹ ਪੈਰ ਨੇ ਕਿਤਨੇ ਕੋਮਲ !
ਨਾਜ਼ਕ ਮਲੂਕ ਅਪਾਰ !
ਘੁਟਣਾ ਮੈਂ ਇਨ੍ਹਾਂ ਨੂੰ ਚਾਹਾਂ
ਥੱਕ ਚੁਕੇ ਨੇ ਮੇਰੀ ਖਾਤਰ
ਆਏ ਇਤਨਾ ਲੰਮਾ ਪੈਂਡਾ ਮਾਰ !
ਮੈਂ ਜਾਵਾਂ ਬਲਿਹਾਰ !
ਤੁਹਾਡੇ ਪੈਰਾਂ ਦੀਆਂ ਝਾਂਜਰਾਂ
ਮਿੱਠਾ ਗੀਤ ਅਲਾਪਣ !
ਸੁਣਨਾਂ ਚਾਹਾਂ ਉਨ੍ਹਾਂ ਦੇ ਮਿੱਠੇ ਤਾਲ
ਲਾ ਉਨ੍ਹਾਂ ਨੂੰ ਆਪਣੇ ਕੰਨਾਂ ਨਾਲ।
ਤੱਪਦੇ ਨੇ ਜੋ ਵਾਂਗ ਧੁਪ ਹੁਨਾਲ।
ਰਾਧਾ ਪਿਆਰੀ ਮੇਰੀ ਜਿੰਦ ਦੀ ਜਿੰਦੜੀ !



Sri Satguru Jagjit Singh Ji eLibrary NamdhariElibrary@gmail.com

ਬੋਲੋ ਵੀ ਕੁਝ ਬੈਣ !
ਪੀਣਾਂ ਚਾਹਾਂ ਅੰਮ੍ਰਿਤ ਰਸ ਨੂੰ
ਛਲਕੇ ਜੋ ਵਿਚ ਪ੍ਰੇਮ ਹਿਲੋਰੇ
ਅੰਦਰ ਤੁਹਾਡੇ ਦਿਲ ਦੇ ਧਾਮ
ਲੈ ਲੈ ਮੇਰਾ ਆਪਣੀ ਪ੍ਰੀਤ ਦਾ ਨਾਮ।
ਚੰਨ ਮੁੱਖੜੇ ਤੋਂ ਚਾਹੀਏ ਹੁਣ ਕੁਛ
ਪ੍ਰੇਮ ਦਾ ਬਚਨ ਅਲਾਉਣਾ
ਵਹਿ ਤੁਰੇ ਜੋ ਵਾਂਗ ਨਦੀ ਦੀ ਧਾਰ।
ਜਿਸ ਨੂੰ ਪੀ ਪੀ ਮੈਂ ਹੋਵਾਂ ਸਰਸ਼ਾਰ।
ਆ ਰਾਧਾ ਪਿਆਰੀ ! ਮੇਰੀ ਜ਼ਿੰਦੜੀ।
ਤੇਰੀਆਂ ਖੁਲ੍ਹੀਆਂ ਛਾਤੀਆਂ ਉਪਰ ਪਿਆ
ਜੋ ਕੁੜਾਵਾ ਪਾਲ
ਦੂਰ ਕਰਾਂ ਮੈਂ ਉਸ ਨੂੰ ਆਪਣੇ ਹੱਥਾਂ ਨਾਲ।
ਨਾ ਫਿਰ ਵਿਥ ਰਹੇ ਕੋਈ ਬਾਕੀ
ਤੇਰੇ ਮੇਰੇ ਅੰਦਰ !
ਮੈਂ ਤੂੰ ਹੋ ਜਾਵਾਂ, ਤੂੰ ਹੋ ਜਾਵੇਂ ਮੈਂ।
ਦੋਵੇਂ ਇਕ ਦੂਜੇ ਵਿਚ ਇੰਝ ਅੰਕ ਸਮਾਈਏ
ਦੋ ਤੋਂ ਇਕ ਰੂਪ ਹੋ ਜਾਈਏ !
ਰਾਧਾ ਪਿਆਰੀ ! ਸੁੰਦਰਤਾ ਦੀ ਮੂਰਤ
ਜਿਸ ਦੇ ਪ੍ਰੇਮ ਅਲਿੰਗਣ ਨੂੰ
ਮੈਂ ਇਸ ਪਲ ਮਾਣਾ
ਸਵਾਸ ਸਵਾਸ ਜਿਸ ਦੀ ਛੁਹ ਪਾ ਕੇ
ਹੋਇਆ ਹਾਂ ਮਸਤਾਨਾ।
ਆਪਣੀ ਸਵਰਨ-ਆਤਮਾ ਦੀ
ਮੈਨੂੰ ਬਖ਼ਸ਼ੋ ਛੁਹ ਪੁਨੀਤ
ਆਪਣੀ ਭਗਤੀ-ਰੱਤੀ ਪ੍ਰੇਮ ਭਾਵਨਾ ਦੇ ਨਾਲ
ਮੇਰੇ ਦਿਲ ਦੀ ਤਪਸ਼ ਮਿਟਾਉ
ਕਰ ਦਿਉ ਠੰਢੀ ਠਾਰ।
ਰਾਧਾ ਮੇਰੀ ਪਰਮ ਪਿਆਰੀ !
ਤਪ ਰਿਹਾ ਹੈ ਹਿਰਦਾ ਮੇਰਾ
ਤ੍ਰਿਸ਼ਨਾ ਦੇ ਫਸ ਕੇ ਵਿਚ ਜਾਲ
ਜਿਸ ਨੇ ਬੰਨ੍ਹ ਰਖਿਆ ਹੈ ਆਪਣੀ ਜਕੜ 'ਚ



Sri Satguru Jagjit Singh Ji eLibrary NamdhariElibrary@gmail.com

ਇਹ ਸਾਰਾ ਸੰਸਾਰ।
ਮੈਨੂੰ ਮੇਰੀ ਰਾਧਾ ਆਉ-ਬਚਾਉ
ਕਰ ਦਿਉ ਮੁੜ ਸੁਰਜੀਤ!
ਤੁਹਾਡੀਆਂ ਬੁਲ੍ਹੀਆਂ ਉਤੇ ਲਹਿਰੇ ਜਿਹੜਾ
ਨਾਮ ਰੂਪੀ ਸੰਗੀਤ।
ਉਸ ਦੀ ਅੰਮ੍ਰਿਤ ਛੁਹ ਨੂੰ ਪਾ ਕੇ
ਮੈਂ ਹੋਵਾਂ ਪੁਨੀਤ!
ਰਾਧਾ ਮੇਰੀ ਪਰਮ ਪਿਆਰੀ!
ਕੋਇਲ ਦੇ ਬਿਰਹੋਂ ਗੀਤ ਨੇ
ਦਿਤਾ ਮੈਨੂੰ ਸਾੜ
ਸੁਣਨਾ ਚਾਹਾਂ ਮੈਂ ਉਸ ਮਧੁਰ ਗੀਤ ਦਾ ਨਾਦ
ਰਾਗਪਰੀ ਦੇ ਬੋਲਾਂ ਵਰਗੀ
ਜਿਸ ਦੀ ਹੈ ਮਿਠਾਸ।
ਜਿਸ ਦੀਆਂ ਸੁਰਾਂ ਗੂੰਜ ਰਹੀਆਂ ਨੇ
ਤੁਹਾਡੀ ਹੀਰਿਆਂ ਜੜੀ ਪੇਟੀ ਵਿਚ
ਜੋ ਛਣਕਦੇ ਘੁੰਗਰੂ
ਕਿੰਨੀਆਂ ਮਿਠੀਆਂ ਉਸ ਦੀਆਂ ਸੁਰਾਂ ਤੇ ਤਾਲ।
ਬਰਸ ਰਹੀ ਹੋਵੇ ਜਿਵੇਂ ਅੰਬਰੋਂ
ਕਿਣਮਿਣ ਬੂੰਦ ਫੁਹਾਰ।
ਇਸ ਰਾਗ ਦੀ ਤਰਲ ਤ੍ਰੇਲ ਨਾਲ
ਕਰ ਦਿਉ ਮੇਰਾ ਹਿਰਦਾ ਠੰਢੜਾ ਠਾਰ!
ਰਾਧਾ ਮੇਰੀ ਪਰਮ ਪਿਆਰੀ!
ਮੇਰੀ ਪ੍ਰੀਤ ਨਿਆਰੀ :
ਕਿਉਂ ਨੈਣਾਂ ਦੇ ਪੁਸ਼ਪ ਤੁਹਾਡੇ
ਅਜੇ ਨੇ ਮੁੰਦੇ ਮੁੰਦੇ ?
ਬੋਲੋ ਇਨ੍ਹਾਂ ਤਾਂਈਂ ਪਿਆਰੀ
ਖਿੜੇ ਫੁਲਾਂ ਦੇ ਹਾਰ।
ਮੈਂ ਜਾਣਾ ਗੁੱਸੇ ਵਿਚ ਆ ਕੇ
ਤੁਸੀਂ ਕੰਵਲ ਸਨ ਮੀਟੇ
ਇਹ ਨੈਣ ਬੰਦ ਕੀਤੇ ਮੇਰੇ ਵਲੋਂ
ਪਰ ਹੁਣ ਇਨ੍ਹਾਂ ਨੂੰ ਖੋਲ੍ਹੋ
ਮਹਿਕ-ਕਥੂਰੀ ਘੋਲੋ!



Sri Satguru Jagjit Singh Ji eLibrary NamdhariElibrary@gmail.com

ਰਾਧਾ ਮੇਰੀ ਪਰਮ ਪਿਆਰੀ !
ਸਾਗਰ ਪ੍ਰੇਮ ਛਲਕਾਉ
ਤੋੜ ਦਿਉ ਸਭ ਬੰਧਨ
ਇਸ ਪ੍ਰੀਤ ਦੀਆਂ ਲਹਿਰਾਂ ਅੰਦਰ
ਮੈਂ ਚੁਭੀਆਂ ਲਾਵਾਂ
ਇਸ ਦਾ ਰੂਪ ਵਟਾਵਾਂ !
ਇਸੇ ਦਾ ਹੀ ਹੋ ਜਾਵਾਂ !
ਇਸ ਵਿਚ ਜਾ ਸਮਾਵਾਂ !

(ਰਾਧਾ ਉਡਦੀ ਹੋਈ ਕ੍ਰਿਸ਼ਨ ਜੀ ਦੇ ਅੰਕ ਸਮਾ ਕੇ ਅਲੋਪ ਹੋ ਜਾਂਦੀ ਹੈ। ਕ੍ਰਿਸ਼ਨ ਜੀ ਦੇ ਸੂਖਮ ਆਕਾਰ ਤੋਂ ਇਸ ਪ੍ਰੇਮ ਸੰਯੋਗ ਦੇ ਮਹਾਂ ਅਨੰਦ ਦੀਆਂ ਪ੍ਰਕਾਸ਼ ਕਿਰਨਾਂ ਚਾਰ ਚੁਫੇਰੇ ਚਾਨਣ ਵੰਡਦੀਆਂ ਦਿਖਾਈ ਦਿੰਦੀਆਂ ਹਨ।)



Sri Satguru Jagjit Singh Ji eLibrary NamdhariElibrary@gmail.com

## ਦੱਸ

(ਅਲੋਪ ਹੋ ਚੁਕੀ ਆਵਾਜ਼ ਦਾ ਸੰਗੀਤ ਹਾਲੀ ਵੀ ਗਗਨ ਮੰਡਲ ਵਿਚ ਲਹਿਰ ਰਿਹਾ ਹੈ। ਬਿੰਦਰਾਬਨ ਦੀਆਂ ਸਭ ਗੋਪੀਆਂ ਅਸਚਰਜ ਵਿਸਮਾਦ ਵਿਚ ਉਸ ਨੂੰ ਸੁਣ ਰਹੀਆਂ ਹਨ। ਉਨ੍ਹਾਂ ਦੇ ਨੈਣ ਆਕਾਸ਼ ਵਲ ਤੱਕ ਰਹੇ ਹਨ।)

## ਅੰਤਮ ਗੀਤ

(ਰਾਧਾ ਕ੍ਰਿਸ਼ਨ ਨੂੰ ਸੰਬੋਧਨ ਕਰਦੀ ਹੈ।)

ਰਾਧਾ : ਯਾਦਵ ਕੁਲ ਦੇ ਰਤਨ ਮਹਾਨ
ਸ਼੍ਰੀ ਕ੍ਰਿਸਨ ਭਾਨਾਂ ਦੇ ਭਾਨ
ਆਪਣੇ ਪ੍ਰੇਮ ਭਿੰਨੇ ਹੱਥਾਂ ਦੇ ਨਾਲ
ਮੇਰੇ ਸੁਹਲ ਸੀਨਿਆਂ ਉਪਰ
ਐਸਾ ਨਕਸ਼ ਉਤਾਰੋ।
ਕਸਤੂਰੀ ਮਹਿਕ ਦੀ ਧੂੜੀ ਨਾਲ
ਇਸ ਨੂੰ ਮੁੜ ਸ਼ਿੰਗਾਰੋ।
ਕਾਮਦੇਵ ਦੇ ਬਾਣਾਂ ਤੋਂ
ਮੁਕਤੀ ਦੇਵਣ ਵਾਲੇ ਮੇਰੇ ਪਿਆਰੇ!
ਮੇਰੇ ਨੈਣਾਂ ਦਾ ਕਜਲਾ
ਜੋ ਤੁਹਾਡੇ ਚੁੰਮਣਾ ਪੀਤਾ
ਗਿਆ ਹੈ ਧੋਤਾ
ਉਸ ਨੂੰ ਮੁੜ ਉਭਾਰੋ
ਆਪਣੇ ਹਥੀਂ ਪ੍ਰੀਤਮ
ਮੁੜ ਪ੍ਰੇਮ ਆਪਣੇ ਤਾਂਈਂ ਸ਼ਿੰਗਾਰੋ!
ਇਨ੍ਹਾਂ ਨੈਣਾਂ ਅੰਦਰ ਐਸਾ ਕਜਲ ਲਗਾਉ
ਜਿਵੇਂ ਕਾਲੀਆਂ ਮਧੂ ਮੱਖੀਆਂ ਚਮਕਣ
ਸੁੰਦਰ ਨੈਣ ਨਿਹਾਰੋ!
ਕ੍ਰਿਸ਼ਨ ਪਿਆਰੇ! ਪ੍ਰੀਤਮ ਪਿਆਰੇ!
ਮੇਰੇ ਕੰਨਾਂ ਵਿਚ ਵਾਲੀਆਂ ਸੁੰਦਰ ਪਾਉ



Sri Satguru Jagjit Singh Ji eLibrary NamdhariElibrary@gmail.com

ਹੀਰਿਆਂ ਜੜੀਆਂ ਮੋਤੀ ਲੜੀਆਂ
ਨਾਲ ਇਨ੍ਹਾਂ ਦੇ ਪ੍ਰੀਤ ਪਹਿਨਾਉ!
ਮੇਰੇ ਕੇਸਾਂ ਦੇ ਕੁੰਡਲ ਕੰਵਲਾਂ ਹਾਰ ਪਿਆਰੇ
ਇਨ੍ਹਾਂ ਨੂੰ ਮੁੜ ਦਿਉ ਸ਼ਿੰਗਾਰ।
ਆਪਣਾ ਦੇ ਕੇ ਪਿਆਰ।
ਜਿਨ੍ਹਾਂ ਦੀ ਸ਼ੋਭਾ ਤੁਹਾਡੇ ਕੰਵਲ-ਕੁੰਡਲਾਂ
ਤੋਂ ਵੀ ਵਧ ਕੇ ਹੋਵੇ
ਐਸਾ ਕਰੋ ਸ਼ਿੰਗਾਰ!
ਹੇ ਮੇਰੇ ਮਿਠੜੇ ਸੁਹਣੇ ਪਿਆਰ!
ਕ੍ਰਿਸ਼ਨ ਪਿਆਰੇ ਮੇਰੀ ਜਿੰਦ ਦੇ ਪਿਆਰ!
ਮੇਰੇ ਚੰਨ ਮਥੇ ਤੇ ਚੰਦਨ ਤਿਲਕ ਲਗਾਉ
ਹੋਵੇ ਜ਼ੋ ਅਰਧ ਚੰਦਨ ਦੇ ਹਾਰ!
ਮੇਰੇ ਪ੍ਰੀਤਮ ਤੇਰੀ ਪ੍ਰੀਤ ਦਾ
ਕਰ ਲਵਾਂ ਮੈਂ ਸ਼ਿੰਗਾਰ
ਸ਼੍ਰੀ ਕ੍ਰਿਸ਼ਨ ਮੇਰੇ ਮੀਤ ਪਿਆਰੇ!
ਨਾਰੀ ਪ੍ਰੀਤ ਨੂੰ ਮਾਨਣ ਹਾਰੇ।
ਮੇਰੇ ਕੇਸਾਂ ਦੀਆ ਮੀਢੀਆਂ ਮੁੜ ਕੇ ਗੁੰਦੋ
ਦਿਉ ਇਨ੍ਹਾਂ ਨੂੰ ਸੁਹਣੇ ਫ਼ੁੱਲਾਂ ਨਾਲ ਸ਼ਿੰਗਾਰ!
ਹੇ ਮਨਮੋਹਣੇ ਪਿਆਰ!
ਸ਼੍ਰੀ ਕ੍ਰਿਸ਼ਨ ਮੇਰੇ ਮਿਠੜੇ ਪਿਆਰ!
ਕੋਮਲ ਹਿਰਦਿਆਂ ਦੇ ਸ਼ਿੰਗਾਰ!
ਆਪਣੇ ਹਥੀਂ ਮੇਰੇ ਲਕ ਦੀ ਪੇਟੀ ਮੁੜ ਪਹਿਨਉ!
ਮੇਰੀ ਪ੍ਰੇਮ ਰੂਪ ਕਾਂਇਆਂ ਨੂੰ
ਹੀਰਿਆਂ ਪੰਨਿਆਂ ਨਾਲ ਸਜਾਉ!
ਆਪਣੇ ਹਥੀਂ ਦਿਉ ਸ਼ਿੰਗਾਰ!
ਮੇਰੀ ਪ੍ਰੀਤ ਨੂੰ ਹੇ ਮੇਰੇ ਮਿਠੜੇ ਪਿਆਰ!
ਮੇਰੇ ਪ੍ਰੀਤਮ ਪ੍ਰਾਣ ਆਧਾਰ!
ਆਪ ਪਹਿਨਾਉ ਮੈਨੂੰ ਮੁੜ ਕੇ ਸੁੰਦਰ ਹਾਰ!
ਫ਼ੁੱਲ ਖਿੜੇ ਜਿਸ ਦੇ ਵਾਂਗ ਬਹਾਰ!
ਮੇਰੀਆਂ ਗੱਲ੍ਹਾਂ ਉਪਰ ਮਲੋ ਕਥੂਰੀ ਧੂੜਾ
ਆਵੇ ਇਨ੍ਹਾਂ ਉਤੇ ਮੁੜ ਸੂਹਾ ਨਿਖ਼ਾਰ!
ਹੇ ਮੇਰੇ ਮੋਹਣੇ ਮਿਠੜੇ ਪਿਆਰ!



Sri Satguru Jagjit Singh Ji eLibrary NamdhariElibrary@gmail.com

ਮੇਰੀਆਂ ਮੀਢੀਆਂ ਮੁੜ ਗੁੰਦੋ ਸੋਹਣੇ ਫ਼ੁੱਲਾਂ ਨਾਲ
ਪਹਿਨਾਉ ਮੁੜ ਕੇ ਮੈਨੂੰ ਉਹੋ ਪੇਟੀ ਲੱਕ ਦੁਆਲੇ
ਜਿਸ ਦੇ ਘੁੰਗਰੂਆਂ ਦੀ ਹੈ ਮਿੱਠੀ ਝੁਣਕਾਰ!
ਮੇਰੀਆਂ ਬਾਹਾਂ ਵਿਚ ਮੁੜ ਸੁੰਦਰ ਗਜਰੇ ਪਹਿਨਾਉ!
ਮੇਰੇ ਪੈਰਾਂ ਵਿਚ ਮੁੜ ਉਹੋ ਝਾਂਜਰ ਪਾਉ!
ਸ਼੍ਰੀ ਕ੍ਰਿਸ਼ਨ ਮੇਰੇ ਪਰਮ ਪਿਆਰ!
ਮੇਰੀ ਪ੍ਰੀਤ ਨੂੰ ਸਦਾ ਲਈ
ਹੁਣ ਦਿਉ ਆਪ ਸ਼ਿੰਗਾਰ!

*****************



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

